੧ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

1920 ਤੋਂ

ਜਿਲਦ 102
ਨੰਬਰ 17

੧੫ ਤੋਂ ੨੯ ਅੱਸੂ ੨੦੭੯ ਬਿ.
1 to 15 October 2022

# ਸਤਿ ਜੁਗ



10/-



ਸੰਤ ਹਰਨਾਮ ਸਿੰਘ ਜੀ ਗੜ੍ਹਦੀਵਾਲਾ

# ਸਤਿਜੁਗ

੧੫ ਤੋਂ ੨੯ ਅੱਸੂ ੨੦੭੯ ਬਿ.

1 ਤੋਂ 15 ਅਕਤੂਬਰ 2022 ਈ.

ਜਿਲਦ 102, ਨੰਬਰ 17



ਸਲਾਹਕਾਰ ਮੈਂਬਰ

ਹਰਵਿੰਦਰ ਸਿੰਘ ਹੰਸਪਾਲ
ਸੁਵਰਨ ਸਿੰਘ ਵਿਰਕ
ਹਰਪਾਲ ਸਿੰਘ ਸੇਵਕ
ਸੰਤ ਨਿਸ਼ਾਨ ਸਿੰਘ
ਗੁਰਭੇਜ ਸਿੰਘ ਗੁਰਾਇਆ

ਸੰਪਾਦਕ

ਜਸਵੰਤ ਸਿੰਘ ਮਸਤ
ਗੁਰਲਾਲ ਸਿੰਘ
ਭਜਨ ਸਿੰਘ



*Printed and Published by
Mr. Harvendra Singh Hanspal
on behalf of Namdhari Darbar.
Printed at Summit advertising press,
2DLF (Part), Moti Nagar, New Delhi
and Published from Namdhari Gurdwara,
Ramesh Nagar, New Delhi-110015.*

THE SATJUG
Namdhari Gurdwara
Ramesh Nagar, New Delhi-15
RNI No. 55658/93
LDM/008/2021-2023

***Designed and Typeset:***

ਹਾਕਮ ਸਿੰਘ, ਯੁਵਰਾਜ ਸਿੰਘ
ਤਰਨ ਬੱਲ



ਪੱਤਰ ਵਿਹਾਰ ਦਾ ਪਤਾ :
ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ, ਪੰਜਾਬ-141126
ਫੋਨ : 98550-58178
89267-83000, 98155-75099
***Email- Satjug@sribhainisahib.com***


# ਤਤਕਰਾ


* ਸੰਪਾਦਕੀ........................................4
* ਗੁਰਬਾਣੀ ਵਿਆਖਿਆ........................................6
* ਪੂਰਨ ਪੁਰਖ ਬ੍ਰਹਮ ਗਿਆਨੀ ਸੰਤ ਬਾਬਾ ਹਰਨਾਮ ਸਿੰਘ ਗੜ੍ਹਦੀਵਾਲੇ
  ਦੇਵਿੰਦਰ ਸਿੰਘ ਗਿੱਲ (ਜੀਆ ਨੱਥਾ)....................8
* ਹਰਿਮੰਦਰ ਸਾਹਿਬ ਦੀ ਪਵਿੱਤਰਤਾ ਲਈ ਅਦੁੱਤੀ ਸ਼ਹਾਦਤ
  ਸਿਮਰਨ ਕੌਰ........................................13
* ਬੀਤੇ ਦੀਆਂ ਪੈੜਾਂ (ਅਣਛਪਿਆ ਭਾਗ)
  ਸਵ. ਪ੍ਰੀਤਮ ਸਿੰਘ ਕਵੀ..............................16
* **His Holiness Sri Satguru Jagjit Singh Ji an Eminent and Patron of Music**
  **Taranjit Singh..........................................19**
* **A Saga of Sri Satguru Jagjit Singh ji**
  **Dr. Sharada Jayagovind............................26**
* ਕਾਵਿ-ਕਿਆਰੀ........................................28
* ਬੱਚਿਆਂ ਦਾ ਪੰਨਾ........................................29
* ਖ਼ਬਰਨਾਮਾ........................................30


ਨੋਟ- ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕੀ ਬੋਰਡ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ
ਸਤਜੁਗਿ ਸਚੁ ਕਹੈ ਸਭੁ ਕੋਈ॥
ਸਤਜੁਗ
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬਿ. (1920 ਈ:) ਤੋਂ ਸਥਾਪਿਤ


ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਦਿਵਸ ’ਤੇ ਵਿਸ਼ੇਸ਼

# ਸੰਪਾਦਕੀ

ਗੁਰੂ ਰਾਮਦਾਸ ਜੀ ਦਾ ਜਨਮ ਪਿਤਾ ਹਰੀਦਾਸ ਦੇ ਘਰ ਮਾਤਾ ਦਇਆ ਕੌਰ ਦੀ ਕੁੱਖੋਂ 1534 ਈ. ਨੂੰ ਚੂਨਾ ਮੰਡੀ ਲਾਹੌਰ ਵਿਖੇ ਹੋਇਆ। ਘਰ ਵਿੱਚ ਵੱਡੇ ਪੁੱਤਰ ਹੋਣ ਕਰਕੇ ਨਾਂ ‘ਜੇਠਾ’ ਪੈ ਗਿਆ। ਬਚਪਨ ਵਿੱਚ ਮਾਂ ਨੇ ਘੁੰਘਣੀਆਂ ਟੋਕਰੀ ’ਚ ਪਾ ਦੇਣੀਆ, ਆਪ ਨੇ ਹੋਕਾ ਲਾਉਂਦੇ-ਲਾਉਂਦੇ ਰਾਵੀ ਵੱਲ ਨਿਕਲ ਜਾਣਾ। ਰਸਤੇ ’ਚ ਕਿਤੇ ਭੁੱਖੇ ਸਾਧੂ ਮਿਲ ਪੈਣੇ ਤਾਂ ਉਨ੍ਹਾਂ ਨੂੰ ਖੁਆ ਘਰ ਆ ਪਰਤਣਾ। ਇਕ ਸਮੇਂ ਇਕ ਐਸਾ ਜਥਾ ਮਿਲਿਆ ਜੋ ਗੋਇੰਦਵਾਲ ਗੁਰੂ ਅਮਰਦਾਸ ਜੀ ਦੇ ਦਰਸ਼ਨਾਂ ਨੂੰ ਜਾ ਰਿਹਾ ਸੀ, ਉਨ੍ਹਾਂ ਦੇ ਸੰਗ ਰਲ ਗੋਇੰਦਵਾਲ ਪਹੁੰਚ ਗਏ। ਉੱਥੇ ਹੀ ਸੇਵਾ ਵਿੱਚ ਜੁੱਟ ਪਏ। ਮਨ ਮਾਰ ਕੇ, ਹਊਮੈਂ ਰਹਿਤ ਹੋ, ਨਿਮਰਤਾ ਦੇ ਧਾਰਨੀ ਬਣ, ਸੇਵਾ ਕਰਦੇ ਰਹੇ। ਗੁਰੂ ਅਮਰਦਾਸ ਜੀ ਦੇ ਚਰਨਾਂ ’ਤੇ ਪੂਰਨ ਭਰੋਸਾ ਬਣ ਗਿਆ।

ਜਦੋਂ ਅਕਬਰ ਬਾਦਸ਼ਾਹ ਕੋਲ ਬ੍ਰਾਹਮਣਾਂ ਨੇ ਆਪਣੀ ਮਾਣਤਾ ਘੱਟਦੀ ਦੇਖ ਕੇ ਸ਼ਿਕਾਇਤ ਕੀਤੀ ਸੀ ਤਾਂ ਗੁਰੂ ਅਮਰਦਾਸ ਜੀ ਨੇ ਆਪਣੀ ਥਾਵੇਂ ਭਾਈ ਜੇਠਾ ਜੀ ਨੂੰ ਹੀ ਭੇਜਿਆ ਸੀ। ਭਾਈ ਜੇਠੇ ਨੇ ਗੁਰੂ ਜੀ ਦੇ ਹੁਕਮ ਅਨੁਸਾਰ ਅਕਬਰ ਦੇ ਦਰਬਾਰ ਵਿੱਚ ਪਹੁੰਚ ਸ਼ਿਰਕਤ ਕੀਤੀ ਬ੍ਰਾਹਮਣਾ ਨੇ ਦੂਸ਼ਣ ਲਾਏ ਕੇ ਗੁਰੂ ਅਮਰਦਾਸ ਨੇ ਸਭ ਰੀਤਾਂ ਰਸਮਾਂ

ਮੇਟ ਦਿੱਤੀਆਂ ਹਨ ਤੇ ਵਰਨਾਂ ਦਾ ਭੇਦ ਮਿਟਾ ਦਿੱਤਾ ਹੈ। ਧਰਮ ਦੀ ਅਜਿਹੀ ਹਾਨੀ ਕਦੇ ਚੌਹਾਂ ਯੁੱਗਾਂ ਵਿੱਚ ਨਹੀਂ ਹੋਈ। ਉਹ ਨਾ ਸੰਧਿਆ, ਨਾ ਗਇਤ੍ਰੀ, ਨਾ ਤੀਰਥ, ਨਾ ਕਿਰਿਆ-ਕਰਮ ਕਰਦੇ ਹਨ। ਸਾਰੀਆਂ ਜਾਤਾਂ ਨੂੰ ਲੰਗਰ ਅਤੇ ਇਕੋ ਉਪਦੇਸ਼ ਦਿੰਦੇ ਹਨ।

ਭਾਈ ਜੇਠਾ ਜੀ ਨੇ ਦਰਬਾਰ ਵਿੱਚ ਬ੍ਰਾਹਮਣਾਂ ਦੇ ਜੁਆਬ ਦਿੰਦਿਆਂ ਕਿਹਾ "ਬਾਦਸ਼ਾਹ, ਗੁਰੂ ਜੀ ਦਾ ਕਿਸੇ ਨਾਲ ਵੈਰ ਨਹੀਂ। ਅਸੀਂ 'ਵਾਹਿਗੁਰੂ' ਨਾਮ ਨੂੰ ਸਦਾ ਜਪਦੇ ਹਾਂ। ਜਿਸ ਦੇ ਵਿੱਚ ਵਾਸੁਦੇਵ, ਹਰੀ, ਗੋਬਿੰਦ, ਰਾਮ ਸਾਰਿਆਂ ਦੇ ਪਹਿਲੇ ਅੱਖਰ ਆ ਜਾਂਦੇ ਹਨ। ਪੁਰਾਤਨ ਤੀਰਥ ਇਸੇ ਤਰ੍ਹਾਂ ਬਣੇ ਸਨ ਕਿ ਉਥੇ ਕਿਸੇ ਦੇਵਤੇ, ਭਲੇ ਪੁਰਸ਼ ਜਾਂ ਰਿਸ਼ੀ ਨੇ ਰੱਬ ਦੀ ਬੰਦਗੀ ਕੀਤੀ ਸੀ। ਉਨ੍ਹਾਂ ਵਿੱਚ ਨਹਾ ਕੇ ਪਿੰਡੇ ਦੀ ਮੈਲ ਲੱਥਦੀ ਹੈ ਪਰ ਭਲੇ ਪੁਰਖਾਂ ਦੀ ਸੰਗਤ ਨਾਲ ਮਨ ਸਾਫ਼ ਹੁੰਦਾ ਹੈ। ਅਸੀਂ ਹਰ ਥਾਂ 'ਤੇ ਹਰ ਚੀਜ਼ ਵਿੱਚ ਵੱਸਣ ਵਾਲੇ ਰੱਬ ਨੂੰ ਪੂਜਦੇ ਹਾਂ। ਜਦ ਰੱਬ ਸਭ ਵਿੱਚ ਹੈ ਤਾਂ ਫਿਰ ਉਚ ਨੀਚ ਕਿਵੇਂ? ਬ੍ਰਾਹਮਣ ਆਪਣੇ-ਆਪ ਨੂੰ ਬ੍ਰਹਮਾ ਦੇ ਮੂੰਹ ਤੋਂ ਨਿਕਲਿਆ ਦੱਸਦੇ ਹਨ। ਅਸੀਂ ਸਭ ਦੇ ਚਰਨਾਂ ਦੇ ਦਾਸ ਨੂੰ ਅਤੇ ਸਭ ਖ਼ਲਕਤ ਦੇ ਸੇਵਕ ਹਾਂ। ਇਸ ਲਈ ਸਾਡਾ ਲੰਗਰ ਸਭ ਲਈ ਖੁੱਲ੍ਹਾ ਹੈ। ਸਿੱਖ ਆਪਣੀ ਸ਼ਰਧਾ ਨਾਲ ਚੜ੍ਹਾਵੇ ਚੜ੍ਹਾਉਂਦੇ ਹਨ, ਜੋ ਸਭ ਵਿੱਚ ਸਾਮਾਨ ਵਰਤਾਏ ਜਾਂਦੇ ਹਨ।

ਬਾਦਸ਼ਾਹ ਅਕਬਰ ਨੇ ਇਹ ਉੱਤਰ ਸੁਣ ਕੇ ਬ੍ਰਾਹਮਣਾਂ ਦੀ ਅਰਜ਼ੀ ਖਾਰਜ ਕਰ ਦਿੱਤੀ ਤੇ ਕਿਹਾ ਕਿ ਮੈਨੂੰ ਤਾਂ ਗੁਰੂ ਜੀ ਵਿੱਚ ਤੁਹਾਡੇ ਪ੍ਰਤੀ ਕੋਈ ਦੁਸ਼ਮਣੀ ਨਹੀਂ ਦਿਸਦੀ। ਮੇਰਾ ਇਹ ਕੰਮ ਨਹੀਂ ਕਿ ਮੈਂ ਕਿਸੇ ਨੂੰ ਜ਼ਬਰਦਸਤੀ ਆਖਾਂ ਕਿ ਤੁਸੀਂ ਰੱਬ ਦਾ ਨਾਂ ਇਹੀ ਲਵੋ। ਹਰ ਮਨੁੱਖ ਨੂੰ ਆਪਣਾ ਅਕੀਦਾ ਰੱਖਣ ਦੀ ਖੁੱਲ੍ਹ ਹੈ।

ਜਦੋਂ ਗੁਰੂ ਅਮਰਦਾਸ ਜੀ ਕਾਫ਼ੀ ਬਿਰਧ ਅਵਸਥਾ ਵਿੱਚ ਸਨ ਤਾਂ ਉਨ੍ਹਾਂ ਇੱਕ ਦਿਨ ਆਪਣੇ ਦੋਹਾਂ ਜਵਾਈਆਂ ਭਾਈ ਰਾਮਾ ਅਤੇ ਭਾਈ ਜੇਠਾ ਨੂੰ ਸੱਦ ਕੇ ਥੜ੍ਹੇ ਬਣਾਉਣ ਦੀ ਸੇਵਾ ਸੌਂਪੀ ਤੇ ਹੁਕਮ ਕੀਤਾ, ਇਕ ਉਤੇ ਅਸੀਂ ਸਵੇਰੇ ਬੈਠਿਆ ਕਰਾਂਗੇ ਤੇ ਇਕ ਉੱਤੇ ਸ਼ਾਮ ਨੂੰ। ਰਾਮਾ ਜੀ ਨੇ ਬੜੇ ਪ੍ਰੇਮ ਨਾਲ ਥੜ੍ਹਾ ਬਣਾਇਆ, ਗੁਰੂ ਜੀ ਕਹਿਣ ਲੱਗੇ, 'ਇਹ ਠੀਕ ਨਹੀਂ ਬਣਿਆ।' ਰਾਮਾ ਜੀ ਨੇ ਆਪਣੀ ਕਾਰੀਗਰੀ ਦੀ ਉਸਤਤ ਕੀਤੀ ਪਰ ਉਸ ਨੂੰ ਢਾਹ ਕੇ ਫਿਰ ਦੂਜੀ ਵਾਰ ਬਣਾ ਦਿੱਤਾ। ਦੂਜੀ ਵੇਰ ਗੁਰੂ ਜੀ ਨੇ ਫਿਰ ਕਿਹਾ 'ਇਹ ਠੀਕ ਨਹੀਂ' ਰਾਮਾ ਜੀ ਨੇ ਇਸ ਗੱਲ ਨੂੰ ਚੰਗਾ ਨਾ ਜਾਣਿਆ ਪਰ ਥੋੜ੍ਹੀ ਬਹਿਸ ਮਗਰੋਂ ਉਸ ਨੂੰ ਢਾਹ ਦਿੱਤਾ। ਤੀਜੀ ਵਾਰ ਥੜ੍ਹਾ ਉਸਾਰਨ ਤੇ ਜਦ ਸਤਿਗੁਰਾਂ ਕਿਹਾ 'ਇਹ ਵੀ ਠੀਕ ਨਹੀਂ' ਤਾਂ ਉਸ ਦੇ ਸਬਰ ਦੀ ਹੱਦ ਹੋ ਗਈ ਤਾਂ ਉਸ ਨੇ ਕਿਹਾ, "ਗੁਰੂ ਜੀ ਹੁਣ ਬਿਰਧ ਹੋ ਗਏ ਹਨ, ਇਨ੍ਹਾਂ ਨੂੰ ਆਪਣੀ ਕਹੀ ਗੱਲ ਭੁੱਲ ਜਾਂਦੀ ਹੈ ਤੇ ਨੁਕਸ ਮੇਰੇ ਵਿੱਚ ਕੱਢਦੇ ਹਨ।" ਫਿਰ ਗੁਰੂ ਜੀ ਨੇ ਇਹ ਵਰਤਾਓ ਜੇਠਾ ਜੀ ਨਾਲ ਕੀਤਾ ਪਰ ਉਹ ਬਿਨਾਂ ਕਿਸੇ ਉਜਰ ਦੇ ਅਗਲਾ ਥੜ੍ਹਾ ਢਾਹ ਕੇ ਹੋਰ ਬਣਾਈ ਜਾਣ। ਛੇ ਵਾਰ ਥੜ੍ਹਾ ਬਣਾਇਆ ਅਤੇ ਢਾਹ ਦਿੱਤਾ। ਜਦੋਂ ਸੱਤਵੀਂ ਵਾਰ ਗੁਰੂ ਜੀ ਨੇ ਕਿਹਾ, "ਤੈਨੂੰ ਸਮਝ ਨਹੀਂ ਆਉਂਦੀ, ਇਹ ਵੀ ਠੀਕ ਨਹੀਂ" ਤਾਂ ਜੇਠਾ ਜੀ ਚਰਨਾਂ 'ਤੇ ਡਿੱਗ ਪਏ ਅਤੇ ਕਹਿਣ ਲੱਗੇ, "ਬਿਰਦ ਦੀ ਲਾਜ ਰੱਖੋ, ਪਹਿਲਾਂ ਮੈਨੂੰ ਉਹ ਬੁੱਧ ਬਖ਼ਸ਼ੋ ਜਿਸ ਨਾਲ ਮੈਂ ਆਪ ਜੀ ਦਾ ਹੁਕਮ ਠੀਕ ਤਰ੍ਹਾਂ ਸਮਝ ਸਕਾਂ।" ਗੁਰੂ ਜੀ ਨੇ ਚੁੱਕ ਕੇ ਸੀਨੇ ਨਾਲ ਲਾ ਲਿਆ ਤੇ ਸੰਗਤ ਨੂੰ ਸੰਬੋਧਨ ਹੋ ਬਚਨ ਕੀਤਾ, "ਇਹ ਮੇਰੀ ਥਾਂ ਹੁਣ ਗੁਰੂ ਨਾਨਕ ਸਾਹਿਬ ਦੀ ਗੱਦੀ ਦਾ ਵਾਰਸ ਹੋਵੇਗਾ।" ਇੰਞ ਭਾਈ ਜੇਠਾ ਸਿੱਖ ਧਰਮ ਦੇ ਚੌਥੇ ਨਾਨਕ ਬਣ ਗੁਰੂ ਰਾਮਦਾਸ ਜੀ ਦਾ ਨਾਮ ਨਾਲ ਪ੍ਰਸਿੱਧ ਹੋਏ।

ਉਨ੍ਹਾਂ ਅੰਦਰ ਨਿਮਰਤਾ ਹੱਦੋਂ ਵੱਧ ਸੀ। ਇਕ ਵੇਰ ਜਦੋਂ ਗੁਰੂ ਨਾਨਕ ਦੇਵ ਜੀ ਦੇ ਵੱਡੇ ਸਪੁੱਤਰ ਬਾਬਾ ਸ੍ਰੀ ਚੰਦ ਜੀ ਆਪ ਜੀ ਨੂੰ ਮਿਲੇ ਤਾਂ ਉਨ੍ਹਾਂ ਬਚਨ ਚੱਲਦਿਆਂ ਸੁਆਲ ਕੀਤਾ, "ਤੁਸਾਂ ਦਾੜ੍ਹੀ ਇਤਨੀ ਲੰਮੀ ਕਿਉਂ ਵਧਾਈ ਹੈ?" ਆਪ ਜੀ ਨੇ ਝੱਟ ਉੱਤਰ ਦਿੱਤਾ, "ਆਪ ਜਿਹੇ ਮਹਾਂ-ਪੁਰਸ਼ਾਂ ਦੇ ਚਰਨ ਝਾੜਨ ਲਈ।" ਫਿਰ ਆਪ ਆਪਣੀ ਦਾੜ੍ਹੀ ਫੜ੍ਹ ਉਨ੍ਹਾਂ ਦੇ ਚਰਨ ਝਾੜਨ ਲਈ ਝੁਕ ਗਏ। ਬਾਬਾ ਜੀ ਨੇ ਪੈਰ ਪਿਛਾਂਹ ਖਿੱਚ ਕੇ ਆਖਿਆ "ਤੁਸੀਂ ਮੇਰੇ ਪਿਤਾ ਦੀ ਗੱਦੀ 'ਤੇ ਬਿਰਾਜਮਾਨ ਹੋ, ਇਸ ਲਈ ਉਨ੍ਹਾਂ ਵਾਂਗ ਮੇਰੇ ਲਈ ਹਮੇਸ਼ਾਂ ਇੱਜ਼ਤ ਦੇ ਯੋਗ ਹੋ। ਤੁਸੀਂ ਇਨ੍ਹਾਂ ਗੁਣਾਂ ਕਰਕੇ ਹੀ ਗੁਰਿਆਈ ਦੇ ਮਾਲਕ ਹੋਏ ਹੋ।"

ਗੁਰੂ ਰਾਮਦਾਸ ਜੀ ਸਬਰ-ਸ਼ੁਕਰ ਤੇ ਧਾਰਨੀ, ਹੱਦ ਦਰਜੇ ਦੇ ਨਿਮਰਤਾਵਾਨ, ਮਿੱਠ ਬੋਲੜੇ ਅਤੇ ਪਰਉਪਕਾਰੀ ਸਨ।

.....................................................................

# ਗੁਰਬਾਣੀ ਵਿਆਖਿਆ - ਜਾਪੁ

**ਨਮਸਤੰ ਰਹੀਮੇ॥ ਨਮਸਤੰ ਕਰੀਮੇ॥੨੫॥**

ਰਹਿਮ ਕਰਨ ਵਾਲੇ ਕ੍ਰਿਪਾਲੂ ਪ੍ਰਭੂ! ਤੈਨੂੰ ਨਮਸਕਾਰ ਹੈ।

Namastam raheeme. Namastam kareeme. (25)

O compassionate and benevolent God! I bow in salutation before you.

O, compassionate and benevolent God! Salutations to You.

**ਨਮਸਤੰ ਅਨੰਤੇ॥ ਨਮਸਤੰ ਮਹੰਤੇ॥**

ਬੇਅੰਤ ਅਤੇ ਮਹਾਨ ਪ੍ਰਭੂ! ਤੈਨੂੰ ਨਮਸਕਾਰ ਹੈ।

Namastam anante. Namastam mahante.

O infinite and great God! I bow in salutation before you.

O, infinite and greatest God! Salutations to You.

**ਨਮਸਤਸਤੁ ਰਾਗੇ॥ ਨਮਸਤੰ ਸੁਹਾਗੇ॥੨੬॥**

ਪ੍ਰੇਮ ਅਤੇ ਆਨੰਦ ਸਰੂਪ ਪ੍ਰਭੂ ਨੂੰ ਨਮਸਕਾਰ ਹੈ।

Namastsatu raage. Namastam suhaage. (26)

Love and bliss incarnate, O God! I bow in salutation before you.

O, God: You are the form of love and bliss! Salutations to You.

**ਨਮੋ ਸਰਬ ਸੋਖੰ॥ ਨਮੋ ਸਰਬ ਪੋਖੰ॥**

ਸਾਰਿਆਂ ਨੂੰ ਨਾਸ ਕਰਨ ਵਾਲੇ ਅਤੇ ਸਾਰੇ ਜੀਵਾਂ ਨੂੰ ਪਾਲਣ ਵਾਲੇ ਪ੍ਰਭੂ!
ਤੈਨੂੰ ਨਮਸਕਾਰ ਹੈ।

Namo sarb sokham. Namo sarb pokham.

The creator of all and sustainer of all O God! I bow in salutatio before you.

O, God: the destroyer and sustainer of all! Salutations to You.

**ਨਮੋ ਸਰਬ ਕਰਤਾ॥ ਨਮੋ ਸਰਬ ਹਰਤਾ॥੨੭॥**

ਸਾਰਿਆਂ ਨੂੰ ਪੈਦਾ ਕਰਨ ਵਾਲੇ ਅਤੇ ਸਾਰਿਆਂ ਨੂੰ ਨਾਸ ਕਰਨ ਵਾਲੇ
ਪ੍ਰਭੂ ਨੂੰ ਨਮਸਕਾਰ ਹੈ।

Namo sarb karta. Namo sarb harta. (27)

The creator of all and destroyer of all O God! I bow in salutation before you.

O, God: the creator and destroyer of all! Salutations to You.

**ਨਮੋ ਜੋਗ ਜੋਗੇ॥ ਨਮੋ ਭੋਗ ਭੋਗੇ॥**

ਹੇ ਜੋਗੀਆਂ ਦੇ ਜੋਗੀ ਅਤੇ ਭੋਗੀਆਂ ਵਿੱਚ ਭੋਗੀ ਸਰੂਪ! ਤੈਨੂੰ ਨਮਸਕਾਰ ਹੈ।

Namo jog joge. Namo bhog bhoge.

O God! The yogi of the yogis and *bhogi* (hedonist) of the *bhogis*,

I bow in salutation before you.

O, God! 'divine' for the spirituality-seekers and 'indulger' for the pleasure-seekers,

Salutations to You.

**ਨਮੋ ਸਰਬ ਦਿਆਲੇ॥ ਨਮੋ ਸਰਬ ਪਾਲੇ॥੨੮॥**

ਸਾਰਿਆਂ 'ਤੇ ਦਇਆ ਕਰਨ ਵਾਲੇ ਅਤੇ ਸਾਰਿਆਂ ਨੂੰ ਪਾਲਣ ਵਾਲੇ ਪ੍ਰਭੂ!

ਤੈਨੂੰ ਨਮਸਕਾਰ ਹੈ।

Namo sarb dayale. Namo sarb pale. (28)

Kind to all and sustainer of all O God! I bow in salutation before you.

O, the universally benevolent God and sustainer of all! Salutations to You.

**ਚਾਚਰੀ ਛੰਦ॥ ਤ੍ਵ ਪ੍ਰਸਾਦਿ॥**

Chachri Chhand. Twa Prasaadi.

**ਅਰੂਪ ਹੈਂ॥ ਅਨੂਪ ਹੈਂ॥**

ਤੂੰ ਜਨਮ ਅਤੇ ਤੱਤਾਂ ਦੀ ਰਚਨਾ ਤੋਂ ਰਹਿਤ ਹੈਂ।

O God! You are formless and matchless.

**ਅਜੂ ਹੈਂ॥ ਅਭੂ ਹੈਂ॥੨੯॥**

ਤੂੰ ਜਨਮ ਅਤੇ ਤੱਤਾਂ ਦੀ ਰਚਨਾ ਤੋਂ ਰਹਿਤ ਹੈਂ।

You are beyond births and formation of elements.

You are free from births and elements.

**ਅਲੇਖ ਹੈਂ॥ ਅਭੇਖ ਹੈਂ॥**

ਤੂੰ ਮੱਥੇ ਦੇ ਲੇਖਾਂ ਅਤੇ ਭੇਖਾਂ ਤੋਂ ਰਹਿਤ ਹੈਂ।

You are far above the script of destiny or any appearance whatsoever.

You are independent of destiny and forms.

**ਅਨਾਮ ਹੈਂ॥ ਅਕਾਮ ਹੈਂ॥੩੦॥**

ਤੂੰ ਵਿਸ਼ੇਸ ਪਹਿਚਾਨ ਅਤੇ ਕਾਮਨਾ ਤੋਂ ਰਹਿਤ ਹੈਂ।

You are far away from any special identity or desire.

You are beyond any identity and desire.

**ਨਾਮਧਾਰੀ ਨਿਤਨੇਮ ਸਟੀਕ ਵਿੱਚੋਂ**

# ਪੂਰਨ ਪੁਰਖ ਬ੍ਰਹਮ ਗਿਆਨੀ
# ਸੰਤ ਬਾਬਾ ਹਰਨਾਮ ਸਿੰਘ ਗੜ੍ਹਦੀਵਾਲਾ ਵਾਲੇ



**ਦੇਵਿੰਦਰ ਸਿੰਘ ਗਿੱਲ (ਜੀਆ ਨੱਥਾ)**
**94177-69103**

ਸੰਤ ਪਦ ਸਿੱਖ ਦੀ ਸਹਿਜ ਅਵਸਥਾ ਦਾ ਪ੍ਰਤੀਕ ਹੈ, ਜਦੋਂ ਸਿੱਖ ਦੀ ਅਤਾਮਿਕ ਅਵਸਥਾ ਚੌਥੇ ਪਦ ਵਿੱਚ ਪਹੁੰਚ ਜਾਂਦੀ ਹੈ, ਉਹ ਸੰਤ ਕਹਾਉਣ ਦਾ ਹੱਕਦਾਰ ਹੋ ਜਾਂਦਾ ਹੈ। ਫਿਰ ਲੋਕਾਈ ਉਸ ਨੂੰ ਸੰਤ ਕਹਿੰਦੀ ਹੈ, ਸਿਧ ਪੁਰਖ, ਬ੍ਰਹਮ ਗਿਆਨੀ ਅਤੇ ਪੂਰਨ ਪੁਰਖ ਕਹਿੰਦੀ ਹੈ। ਐਸੇ ਮਹਾਂਪੁਰਸ਼ ਬ੍ਰਹਮ ਗਿਆਨੀ ਸੰਤ ਬਾਬਾ ਹਰਨਾਮ ਸਿੰਘ ਜੀ ਹੋਏ ਹਨ, ਜਿਹਨਾਂ ਨੂੰ ਗੜ੍ਹਦੀਵਾਲਾ ਵਾਲੇ ਅਤੇ ਭੱਟੀਆਂ ਵਾਲੇ ਨਾਮ ਨਾਲ ਲੋਕਾਈ ਯਾਦ ਕਰਦੀ ਹੈ, ਸ਼ਰਧਾ ਨਾਲ ਉਹਨਾਂ ਪ੍ਰਤੀ ਸੀਸ ਝਕਾਉਂਦੀ ਹੈ ਅਤੇ ਮੂੰਹੋ ਮੰਗੀਆਂ ਮੁਰਾਦਾਂ ਪਾਉਂਦੀ ਹੈ। ਸ਼ਹਿਰ ਗੜ੍ਹਦੀਵਾਲਾ ਵਾਲੇ ਡੇਰਾ ਦਾ ਪ੍ਰਬੰਧ ਨਾਮਧਾਰੀ ਪੰਥ ਸ੍ਰੀ ਭੈਣੀ ਸਾਹਿਬ ਕੋਲ ਹੈ ਕਿਉਂ ਕਿ ਬਾਬਾ ਹਰਨਾਮ ਸਿੰਘ ਜੀ ਸਤਿਗੁਰੂ ਰਾਮ ਸਿੰਘ ਜੀ ਦੇ ਪੈਰੋਕਾਰ ਸਨ ਅਤੇ ਉਹਨਾਂ ਤੋਂ ਖੰਡੇ ਬਾਟੇ ਦੇ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਸੀ। ਪਿੰਡ ਭੱਟੀਆਂ ਦੇ ਡੇਰੇ ਦਾ ਪ੍ਰਬੰਧ ਪਿੰਡ ਨਿਵਾਸੀਆਂ ਵਲੋਂ ਚੁਣੀ ਹੋਈ ਕਮੇਟੀ ਕਰਦੀ ਹੈ।

ਮਹਾਂਰਾਸ਼ਟਰ ਪ੍ਰਾਂਤ ਦੇ ਨਿਵਾਸੀ ਭਗਤ ਨਾਮਦੇਵ ਜਿਨ੍ਹਾਂ ਨੇ ਮਹਾਂਰਾਸ਼ਟਰ ਪ੍ਰਾਂਤ ਵਿੱਚ ਲੋਕਾਈ ਨੂੰ ਬਹੁ ਦੇਵਤਾਵਾਦ ਦਾ ਤਿਆਗ ਕਰਕੇ ਇਕ ਅਕਾਲ ਪੁਰਖ ਦੇ ਹੋਣ ਤੇ ਜ਼ੋਰ ਦਿੱਤਾ ਸੀ। ਉਹਨਾਂ ਨੇ ਪੰਜਾਬ ਦੀ ਧਰਤੀ ਨੂੰ ਵੀ ਭਾਗ ਲਾਇਆ ਅਤੇ ਜਿਲਾ ਗੁਰਦਾਸਪੁਰ ਦੇ ਨਗਰ ਭੱਟੀਵਾਲ ਵਿਖੇ "ਰਾਮੇ ਆਣੇ" ਦੇ ਸਥਾਨ ਤੇ ਤਪ ਕਰਨਾ ਸ਼ੁਰੂ ਕੀਤਾ। ਭਗਤ ਨਾਮਦੇਵ ਜੀ ਨੇ ਉਸ ਸਥਾਨ ਤੇ ਪੜਾਅ ਕਰਕੇ ਆਪ ਵੀ ਸਾਧਨਾ ਸਾਧੀ ਅਤੇ ਪੰਜਾਬੀ ਲੋਕਾਈ ਨੂੰ ਵੀ ਵਹਿਮਾਂ ਭਰਮਾਂ 'ਚੋਂ ਕੱਢ ਕੇ ਅਕਾਲ ਪੁਰਖ ਨਾਲ ਜੋੜਿਆ ਸੀ।

ਸੰਤ ਬਾਬਾ ਹਰਨਾਮ ਸਿੰਘ ਜੀ ਦੇ ਪੁਰਾਤਨ ਬਜ਼ੁਰਗਾਂ ਵਿਚੋਂ ਬਾਬਾ ਲੱਧਾ ਰਾਮ ਜੀ ਹੋਏ ਹਨ ਜੋ ਬਾਬਾ ਨਾਮਦੇਵ ਜੀ ਦੇ ਸਮਕਾਲੀ ਅਤੇ ਉਹਨਾਂ ਦੇ ਪਰਮ ਸੇਵਕ ਸਨ। ਬਾਬਾ ਲੱਧਾ ਰਾਮ ਜੀ ਜਾਤ ਵਜੋਂ ਖੱਤਰੀ ਸਨ ਅਤੇ ਲੂਣ, ਤੇਲ ਆਦਿ ਪਿੰਡਾਂ ਵਿੱਚ ਘੁੰਮ ਫਿਰਕੇ ਵੇਚਿਆ ਕਰਦੇ ਸਨ। ਉਹ ਨਗਰ ਕਾਦੀਆਂ ਦੇ ਵਸਨੀਕ ਸਨ ਅਤੇ ਸੌਦਾ ਵੇਚਣ ਰਾਮੇਆਣੇ ਵੱਲ ਆਇਆ ਕਰਦੇ ਸਨ ਅਤੇ ਵਾਪਸ ਮੁੜਦੇ ਸਮੇਂ ਕੁਝ-ਨਾ-ਕੁਝ ਬਚਿਆ ਹੋਇਆ ਤੇਲ ਭਗਤ ਨਾਮਦੇਵ ਜੀ ਨੂੰ ਇਕ ਅੱਛੇ ਸਾਧੂ ਸਮਝਕੇ ਦੀਵਾ ਆਦਿਕ ਜਗਾਉਣ ਲਈ ਦੇ ਜਾਂਦੇ ਸਨ।

ਇਕ ਦਿਨ ਬਾਬਾ ਲੱਧਾ ਰਾਮ ਜੀ ਤੇਲ ਵੇਚਕੇ ਵਾਪਸ ਕਾਦੀਆਂ ਨਗਰ ਨੂੰ ਜਾ ਰਹੇ ਸਨ ਤਾਂ ਭਗਤ ਨਾਮਦੇਵ ਜੀ ਦੀ ਝੁੱਗੀ ਨੇੜੇ ਆ ਕੇ ਉਹਨਾਂ ਨੂੰ ਯਾਦ ਆਇਆ ਕਿ ਅੱਜ ਤਾਂ ਸਾਰਾ ਹੀ ਤੇਲ ਵੇਚਿਆ ਗਿਆ, ਭਗਤ ਜੀ ਨੂੰ ਕਿਥੋਂ ਦੇਵਾਂਗਾ? ਭਗਤ ਜੀ ਦੀ ਝੁੱਗੀ ਨੇੜਿਓ ਬਾਬਾ ਲੱਧਾ ਰਾਮ ਜੀ ਮੂੰਹ ਨੀਵਾਂ ਕਰਕੇ ਜਦੋਂ ਤੇਜ਼ੀ ਨਾਲ ਟੁਰਕੇ ਲੰਘਣ ਲਗੇ ਤਾਂ ਭਗਤ ਜੀ ਨੇ ਕਿਹਾ, "ਲੱਧਾ ਰਾਮ ਜੀ, ਅੱਜ ਤੇਲ ਨਹੀਂ ਦੇਣਾ।"

"ਅੱਜ ਤਾਂ ਸਾਰਾ ਹੀ ਤੇਲ ਵਿਕ ਗਿਆ ਹੈ, ਕੁੱਪੀ ਖਾਲੀ ਹੋ ਚੁੱਕੀ ਹੈ", ਸ਼ਰਮਸਾਰ ਹੋਏ, ਬਾਬਾ ਲੱਧਾ ਰਾਮ ਜੀ ਦੇ ਬੋਲ ਸਨ।

ਭਗਤ ਨਾਮ ਦੇਵ ਜੀ ਖਿੜ ਖਿੜਾ ਕੇ ਹੱਸੇ ਅਤੇ ਕਿਹਾ ਕਿ ਲੱਧਾ ਰਾਮ ਜੀ, ਤੇਲ ਦੀ ਕੁੱਪੀ ਦਾ ਢੱਕਣ ਚੁਕ ਕੇ ਇਕ ਵਾਰ ਦੇਖੋ ਤਾਂ ਸਹੀ। ਜਦੋਂ ਬਾਬਾ ਜੀ ਨੇ ਕੁੱਪੀ ਦਾ ਢੱਕਣ ਚੁੱਕ ਕੇ ਦੇਖਿਆ ਤਾਂ ਹੈਰਾਨੀ ਦੀ ਹੱਦ ਨਾ ਰਹੀ, ਕੁੱਪੀ ਤਾਂ ਤੇਲ ਨਾਲ ਮੂੰਹ ਤੱਕ ਭਰਪੂਰ ਸੀ। ਇਹ ਅਜ਼ਮਤ ਦੇਖਕੇ ਬਾਬਾ ਲੱਧਾ ਜੀ, ਭਗਤ ਨਾਮ ਦੇਵ ਜੀ ਦੇ ਚਰਨੀਂ ਪੈ ਗਏ ਅਤੇ ਧਰਤੀ ਤੇ ਬੈਠ ਗਏ। ਭਗਤ ਜੀ ਨੇ ਕਿਹਾ ਕਿ ਹੁਣ ਤੁਸੀਂ ਘਰ ਜਾਓ ਅਤੇ ਕਾਰ ਵਿਹਾਰ ਕਰੋ, ਅਗੋਂ ਬਾਬਾ ਜੀ ਕਹਿਣ ਕਿ ਭਾਗ ਚੰਗੇ ਹਨ, ਇਹ ਦਰ ਲੱਭਾ ਹੈ, ਇਸ ਨੂੰ ਨਹੀਂ ਛੱਡਾਂਗਾ।

ਭਗਤ ਨਾਮਦੇਵ ਜੀ ਬੜੇ ਖੁਸ਼ ਹੋਏ ਅਤੇ ਬਾਬਾ ਲੱਧਾ ਜੀ ਨੂੰ ਕਿਹਾ ਕਿ ਤੁਸੀਂ ਕਾਦੀਆਂ ਛੱਡ ਕੇ ਇਥੇ ਸਖੋਵਾਲ ਆ ਜਾਵੋ। ਤੁਹਾਡਾ ਟਿਕਾਣਾ ਸਖੋਵਾਲ ਵਿੱਚ ਹੋਵੇਗਾ, ਸਾਡਾ ਘੁਮਾਣ ਵਿਖੇ ਹੋਵੇਗਾ। ਫਿਰ ਬਚਨ ਕੀਤਾ, ਬਾਬਾ ਜੀ ਲੋਕ ਤੁਹਾਨੂੰ ਗੁਰੂਆਂ ਵਾਂਗ ਪੂਜਣਗੇ, ਤੁਹਾਡੇ ਕਹੇ ਬਚਨ ਸਭ ਸੱਚੇ ਹੋਣਗੇ, ਤੁਹਾਡੇ ਖਾਨਦਾਨ ਵਿੱਚ ਅਨੇਕ ਸੰਤ ਪੁਰਸ਼ ਬ੍ਰਹਮ ਗਿਆਨੀ ਹੋਣਗੇ। ਫਿਰ ਬਾਬਾ ਲੱਧਾ ਜੀ ਕਾਦੀਆਂ ਛੱਡ ਕੇ ਸਖੋਵਾਲ ਆ ਗਏ।

ਬਾਬਾ ਲੱਧਾ ਜੀ ਦੇ ਖਾਨਦਾਨ ਵਿੱਚ ਸਮਾਂ ਪਾ ਕੇ ਬਾਬਾ ਕਾਹਨ ਦਾਸ ਅਤੇ ਬਾਬਾ ਸੰਤ ਦਾਸ ਜੀ ਦੋ ਭਰਾ ਹੋਏ ਜਿਨ੍ਹਾਂ ਨੇ ਬਜ਼ੁਰਗਾਂ ਦੀ ਕੀਰਤੀ ਨੂੰ ਕਾਇਮ ਰੱਖਿਆ। ਬਾਵਾ ਸੰਤਦਾਸ ਜੀ ਦੀ ਸਿੱਖੀ ਸੇਵਕੀ ਜਿਲਾ ਹੁਸ਼ਿਆਰਪੁਰ ਵਿੱਚ ਪਿੰਡ ਖੁਨ ਖੁਨ ਕਲਾਂ, ਕੰਢੀ ਦਾ ਸਾਰਾ ਇਲਾਕੇ ਤੋਂ ਲੈ ਕੇ ਤਲਵਾੜੇ ਤੱਕ ਫੈਲੀ ਹੋਈ ਸੀ।

ਬਾਵਾ ਸੰਤ ਦਾਸ ਜੀ ਕਸਬਾ ਸਖੋਵਾਲ (ਜਿਲਾ ਗੁਰਦਾਸਪੁਰ) ਵਿਖੇ ਨਿਵਾਸ ਰੱਖ ਰਹੇ ਸਨ। ਉਹਨਾਂ ਦੇ ਗ੍ਰਹਿ ਵਿਖੇ ਮਾਤਾ ਆਸਾ ਦੇਵੀ ਦੀ ਕੁੱਖੋਂ ਇਕ ਤੇਜੱਸਵੀ ਬੱਚੇ ਦਾ ਜਨਮ ਹੋਇਆ ਜਿਸਦਾ ਨਾਮ ਗੋਬਿੰਦ ਦਾਸ ਰਖਿਆ ਗਿਆ। ਸਿੱਧ ਪੁਰਖ ਬਾਵਾ ਕਾਹਨ ਦਾਸ ਜੀ ਨੇ ਬਾਵਾ ਸੰਤ ਦਾਸ ਜੀ ਨੂੰ ਕਿਹਾ, ਸਾਨੂੰ ਨਵੇਂ ਜਨਮੇ ਬਾਲਕ ਦੇ ਦਰਸ਼ਨ ਕਰਵਾਓ। ਬਾਵਾ ਸੰਤ ਦਾਸ ਜੀ ਬਾਲਕ ਨੂੰ ਬਾਹਰ ਚੁੱਕ ਲਿਆਏ ਤਾਂ ਬਾਵਾ ਕਾਹਨ ਦਾਸ ਜੀ, ਬਾਲਕ ਦੇ ਦਰਸ਼ਨ ਕਰਕੇ ਬਹੁਤ ਪ੍ਰਸੰਨ ਹੋਏ। ਬਾਵਾ ਕਾਹਨ ਦਾਸ ਜੀ ਨੇ ਬਾਲਕ ਗੋਬਿੰਦ ਦਾਸ ਜੀ ਬਾਰੇ ਭਵਿੱਖ ਬਾਣੀ ਕੀਤੀ, ਇਹ ਬਾਲਕ ਨਿਹੰਗ ਬਾਣੇ ਵਿੱਚ ਹੋਵੇਗਾ ਅਤੇ ਦੁਨੀਆਂ ਨੂੰ ਪ੍ਰਭੂ ਦਾ ਸਿਮਰਨ ਕਰਵਾਏਗਾ ਅਤੇ ਆਪ ਵੀ ਪੂਰਨ ਸੰਤ ਤੇ ਬ੍ਰਹਮ ਗਿਆਨੀ ਹੋਵੇਗਾ।

ਬਾਲਕ ਗੋਬਿੰਦ ਦਾਸ ਜੀ ਦੇ ਮਾਤਾ ਜੀ ਆਪਣੇ ਸਪੁੱਤਰ ਦੀ ਕੀਰਤੀ ਅਤੇ ਵਡਿਆਈ ਸੁਣ ਕੇ ਬਹੁਤ ਖੁਸ਼ ਹੋਏ ਅਤੇ ਪ੍ਰਭੂ ਦਾ ਸ਼ੁਕਰਾਨਾ ਕੀਤਾ। ਬਾਲ ਗੋਬਿੰਦ ਦਾਸ ਜੀ ਬਚਪਨ ਤੋਂ ਹੀ ਇਕਾਗਰ ਚਿੱਤ ਵਾਲੇ ਬਾਲਕ ਸਨ, ਹਰ ਸਮੇਂ ਉਹਨਾਂ ਦੀ ਬੁੱਲ ਪ੍ਰਭੂ ਸਿਮਰਨ ਵਿੱਚ ਫਰਕਦੇ ਰਹਿੰਦੇ। ਅਜਪਾ ਜਾਪ ਆਪ ਮੁਹਾਰੇ ਹੁੰਦਾ ਰਹਿੰਦਾ। ਉਹਨਾਂ ਦੇ ਹਾਣੀ, ਉਹਨਾਂ ਦੀ ਇਹ ਅਵਸਥਾ ਦੇਖਕੇ ਬਹੁਤ ਹੈਰਾਨ ਹੁੰਦੇ। ਆਪ ਜੀ ਆਪਣੇ ਹਾਣੀ ਦੋਸਤਾਂ ਵਿੱਚ ਬੈਠਕੇ ਸੰਸਾਰਕ ਖੇਡਾਂ ਨੂੰ ਤਿਆਗ ਕੇ ਉਹਨਾਂ ਨੂੰ ਨਾਮ ਸਿਮਰਨ ਦੀ ਪ੍ਰੇਰਨਾ ਕਰਦੇ ਜਾਂ ਫਿਰ ਕਦੇ-ਕਦੇ ਦੂਰ ਇਕਾਂਤ ਜੰਗਲ ਵੱਲ ਨਿਕਲ ਜਾਂਦੇ ਅਤੇ ਇਕ ਚਿੱਤ ਹੋ ਕੇ ਪ੍ਰਭੂ ਸਿਮਰਨ ਕਰਨ ਲੱਗ ਜਾਂਦੇ।

ਇਕ ਦਿਨ ਬਾਲ ਗੋਬਿੰਦ ਦਾਸ ਜੀ ਇਕਾਂਤ ਜਗ੍ਹਾ ਬੈਠਕੇ ਤਪਸਿਆ ਕਰ ਰਹੇ ਸਨ। ਇਕ ਬਘਿਆੜ ਉਹਨਾਂ ਨੂੰ ਚੁਕ ਕੇ ਲੈ ਗਿਆ ਹੈ ਅਤੇ ਇਹ ਖ਼ਬਰ ਸਾਰੇ ਨਗਰ ਵਿੱਚ ਫੈਲ ਗਈ। ਬਾਵਾ ਸੰਤ ਦਾਸ ਜੀ ਪਿਤਾ ਹੋਣ ਨਾਤੇ ਚਿੰਤਾਤੁਰ ਹੋਏ ਅਤੇ ਜਾ ਕੇ ਬਾਬਾ ਕਾਹਨ ਦਾਸ ਜੀ ਕੋਲ ਕਹਿਣ ਲਗੇ, ਤੁਸੀਂ ਤਾਂ ਕਹਿੰਦੇ ਸੀ, ਗੋਬਿੰਦ ਦਾਸ ਇਕ ਪੂਰਨ ਪੁਰਖ ਹੈ ਪਰੰਤੂ ਉਹਨਾਂ ਨੂੰ ਤਾਂ ਬਘਿਆੜ ਚੁੱਕ ਕੈ ਲੈ ਗਿਆ ਹੈ, ਜੋ ਉਸਨੂੰ ਖ਼ਤਮ ਕਰ ਦੇਵੇਗਾ। ਬਾਵਾ ਕਾਹਨ ਦਾਸ ਜੀ ਨੇ ਕਿਹਾ ਕਿ ਤੁਸੀਂ ਫਿਕਰ ਨਾ ਕਰੋ, ਗੋਬਿੰਦ ਦਾਸ ਦਾ ਵਾਲ ਵਿੰਗਾ ਵੀ ਨਹੀਂ ਹੋਵੇਗਾ। ਕੁਝ ਸਮੇਂ ਬਾਅਦ ਬਾਲ ਗੋਬਿੰਦ ਦਾਸ ਜੀ ਮੁਸਕਰਾਉਂਦੇ ਹੋਏ ਘਰ ਵੱਲ ਆਉਂਦੇ ਹੋਏ ਮਿਲੇ। ਘਰ ਵਾਲਿਆਂ ਤੇ ਹੋਰ ਲੋਕਾਂ ਨੇ ਪੁੱਛਣਾ ਕੀਤੀ, ਤੁਹਾਨੂੰ ਬਘਿਆੜ ਚੁੱਕ ਕੇ ਲੈ ਗਿਆ ਸੀ, ਕਿਵੇਂ ਬਚ ਕੇ ਆਏ ਹੋ? ਬਾਲ ਗੋਬਿੰਦ ਦਾਸ ਜੀ ਦਾ ਜਵਾਬ ਸੀ, ਉਹ ਬਘਿਆੜ ਨਹੀਂ ਸੀ, ਉਹ ਤਾਂ ਕਲਯੁਗ ਸੀ, ਜਿਸਦੀ ਸਾਡੇ ਅਗੇ ਕੋਈ ਪੇਸ਼ ਨਾ ਗਈ ਤਾਂ ਸਾਨੂੰ ਛਡਕੇ ਚਲਾ ਗਿਆ। ਪ੍ਰੰਤੂ ਬਘਿਆੜ ਦੇ ਦੰਦਾਂ ਦੇ ਸਿਰ ਉਪਰ ਕੁਝ ਜਖਮ ਹੋਏ ਸਨ।

ਬਾਲ ਗੋਬਿੰਦ ਦਾਸ ਜੀ ਲਗਭਗ ਪੰਜ ਕੁ ਸਾਲ ਦੇ ਹੋਏ ਤਾਂ ਆਪਣੇ ਪਿਤਾ ਬਾਵਾ ਸੰਤ ਦਾਸ ਜੀ ਨਾਲ ਨਗਰ ਖੁਣ ਖੁਣ ਕਲਾਂ (ਜਿਲਾ ਹੁਸਿਆਰਪੁਰ) ਆ ਗਏ। ਜਦੋਂ ਆਪ ਜੀ ਰਸਤੇ ਵਿੱਚ ਪਿੰਡ ਝਿੰਗੜ ਕਲਾਂ ਪਹੁੰਚੇ, ਇਕ ਖੂਹ ਦਾ ਪਾੜ ਪੁਟਿਆ ਜਾ ਰਿਹਾ ਸੀ ਅਤੇ ਪ੍ਰਸ਼ਾਦ ਵਜੋਂ ਸ਼ਕਰ ਵੰਡੀ ਜਾ ਰਹੀ ਸੀ। ਬਾਲ ਗੋਬਿੰਦ ਦਾਸ ਜੀ ਨੇ ਇਕ ਬੁਕ ਸ਼ਕਰ ਲੈ ਕੇ ਖਾ ਲਈ ਅਤੇ ਅੱਗੇ ਹੋਕੇ ਹੋਰ ਲੈਣੀ ਚਾਹੀ, ਪਰੰਤੂ ਵਰਤਾਵੇ ਨੇ ਨਾਂਹ ਕਰ ਦਿੱਤੀ ਤਾਂ ਬਾਲ ਗੋਬਿੰਦ ਦਾਸ ਜੀ ਨੇ ਬਾਲ ਸੁਭਾਅ ਕਹਿ ਦਿੱਤਾ ਕਿ "ਚੰਗਾ ਜੇ ਸ਼ਕਰ ਨਹੀਂ ਦੇਣੀ ਤਾਂ ਖੂਹ ਦਾ ਪਾਣੀ ਖਾਰਾ ਹੀ ਰਹੇਗਾ।" ਇਹ ਵਾਕ ਕਹਿ ਕੇ ਆਪ ਆਪਣੇ ਪਿਤਾ ਬਾਵਾ ਸੰਤ ਦਾਸ ਜੀ ਨਾਲ ਅੱਗੇ ਚੱਲ ਪਏ। ਪਿੱਛੋਂ ਜਦੋਂ ਖੂਹ ਦਾ ਪਾੜ ਪੂਰਾ ਹੋਇਆ ਅਤੇ ਪਿੰਡ ਵਾਲਿਆਂ ਨੇ ਪਾਣੀ ਦਾ ਘੁਟ ਪੀਤਾ ਤਾਂ ਪਾਣੀ ਖਾਰਾ ਨਿਕਲਿਆ। ਲੋਕ ਬਾਵਾ ਸੰਤ ਦਾਸ ਜੀ ਕੋਲ ਆਏ, ਪਾਣੀ ਖਾਰਾ ਹੋ ਜਾਣ ਬਾਰੇ ਦੱਸਿਆ। ਅੱਗੋਂ ਬਾਵਾ ਜੀ ਨੇ ਕਿਹਾ, ਇਹ ਤੀਰ ਬਾਲ ਗੋਬਿੰਦ ਦਾਸ ਜੀ ਦਾ ਚਲਾਇਆ ਹੋਇਆ ਸੀ, ਇਹਨਾਂ ਦਾ ਕੀਤਾ ਮੈਂ ਨਹੀਂ ਮੋੜ ਸਕਦਾ। ਤੁਸੀਂ ਕਿਸੇ ਹੋਰ ਜਗ੍ਹਾ ਖੂਹ ਦਾ ਪਾੜ ਪੁਟ ਕੇ ਖੂਹ ਲਗਾਓ, ਪਾਣੀ ਮਿੱਠਾ ਨਿਕਲੇਗਾ। ਲੋਕ ਬਾਲ ਗੋਬਿੰਦ ਦਾਸ ਜੀ ਅਤੇ ਪਿਤਾ ਸੰਤ ਦਾਸ ਜੀ ਦੇ ਚਰਨਾਂ ਤੇ ਮੱਥਾ ਟੇਕ ਕੇ ਵਾਪਸ ਪਰਤ ਗਏ।

ਲੋਕਾਂ ਨੇ ਵਾਪਸ ਜਾ ਕੇ ਹੋਰ ਜਗ੍ਹਾ ਦੋਬਾਰਾ ਖੂਹ ਦਾ ਪਾੜ ਪੁਟਿਆ ਅਤੇ ਖੂਹ ਦੀ ਉਸਾਰੀ ਕੀਤੀ, ਨਵੇਂ ਉਸਾਰੇ ਗਏ ਖੂਹ ਦਾ ਪਾਣੀ ਮਿੱਠਾ ਨਿਕਲਿਆ।

ਪੰਜ ਸਾਲ ਦੀ ਆਯੂ ਵਿੱਚ ਆਪ ਜੀ (ਬਾਲ ਗੋਬਿੰਦ ਦਾਸ) ਪਿੰਡ ਟਿਲੂਵਾਲ ਖੁਣ ਖੁਣ ਕਲਾਂ ਦੇ ਨੇੜੇ ਨਿਰਮਲੇ ਸੰਤਾਂ ਦੇ ਡੇਰੇ ਪਿਪਲੀ ਸਾਹਿਬ (ਇਹ ਡੇਰਾ ਅਜ ਬੇ ਆਬਾਦ ਹੋ ਚੁਕਾ ਹੈ, ਸਿਰਫ ਸੰਤਾਂ ਦੀ ਇਕ ਯਾਦਗਾਰੀ ਸਮਾਧ ਹੈ ਜੋ ਖੁਡਾ ਕੁਰਾਲਾ ਤੋਂ ਪਿੰਡ ਖੁਣ ਖੁਣ ਕਲਾਂ ਅਤੇ ਫਿਰ ਗੜ੍ਹਦੀਵਾਲ ਜਾ ਰਹੀ ਪੱਕੀ ਸੜਕ ਤੇ ਸਥਿਤ ਸੀ) ਵਿਖੇ ਪੜ੍ਹਨ ਲੱਗ ਪਏ ਅਤੇ ਸੰਸਾਰਕ ਵਿਦਿਆ ਹਾਸਲ ਕਰਨ ਲੱਗੇ। ਉਸ ਸਮੇਂ ਪਿਪਲੀ ਸਾਹਿਬ ਡੇਰੇ ਦੇ ਮਹੰਤ ਸੁਖਾ ਸਿੰਘ ਸਨ ਜੋ ਵਿਦਵਾਨ ਮਹਾਂਪੁਰਸ਼ ਸੀ। ਇਕ ਦਿਨ ਖੁਣ ਖੁਣ ਕਲਾਂ ਟਿਲੂਵਾਲ ਦੇ ਵਸਨੀਕਾਂ ਨੇ ਚੌਂਕ ਵਿਖੇ ਖੂਹ ਲਗਵਾਉਣਾ ਚਾਹਿਆ ਕਿਉਂਕਿ ਪੀਣ ਵਾਲੇ ਪਾਣੀ ਦੀ ਬਹੁਤ ਕਿੱਲਤ ਸੀ, ਇਸ ਲਈ ਪਾੜ ਪੁਟਣਾ ਸ਼ੁਰੂ ਕਰ ਦਿੱਤਾ। ਇਸ ਖੁਸ਼ੀ ਵਿੱਚ ਪਿੰਡ ਨਿਵਾਸੀਆਂ ਨੇ ਸ਼ੱਕਰ ਵੰਡਣੀ ਸ਼ੁਰੂ ਕਰ ਦਿੱਤੀ।

ਡੇਰਾ ਪਿਪਲੀ ਸਾਹਿਬ ਦੇ ਮਹੰਤ ਬਾਬਾ ਸੁਖਾ ਸਿੰਘ ਜੀ ਨੇ ਬਾਲ ਗੋਬਿੰਦ ਦਾਸ ਨੂੰ ਭੇਜਿਆ ਕਿ ਜਾਓ ਤੇ ਪਾੜ ਪੁਟਣ ਵਾਲਿਆਂ ਤੋਂ ਸਵਾ ਰੁਪਿਆ ਅਤੇ ਬੱਟੀ ਸ਼ੱਕਰ ਤੋਲਕੇ ਲੈ ਆਉਣੀ। ਆਪ ਜੀ ਗਏ ਅਤੇ ਬੱਟੀ ਸ਼ਕਰ ਤੋਲਕੇ ਲੈਣੀ ਚਾਹੀ ਪਰੰਤੂ ਪਿੰਡ ਵਾਲਿਆਂ ਨੇ ਕਿਹਾ ਆਪ ਬੁੱਕਾਂ ਨਾਲ ਜਿੰਨੀ ਮਰਜ਼ੀ ਸ਼ਕਰ ਲੈ ਲਵੋ। ਬਾਲ ਗੋਬਿੰਦ ਦਾਸ ਜੀ ਨੇ ਤਕੜੀ ਨਾਲ ਤੋਲ ਕੇ ਲੈਣ ਦੀ ਅਭਿਲਾਸ਼ਾ ਦੱਸੀ। ਪਿੰਡ ਵਾਲਿਆਂ ਨੇ ਇੰਞ ਦੇਣ ਤੋਂ ਇੰਨਕਾਰ ਕਰ ਦਿੱਤਾ। ਬਾਲ ਗੋਬਿੰਦ ਦਾਸ ਜੀ ਨੇ ਸੁਭਾਵਿਕ ਹੀ ਕਹਿ ਦਿੱਤਾ ਕਿ ਚੰਗਾ ਜੇ ਬੱਟੀ ਸ਼ਕਰ ਨਹੀਂ ਦੇਣੀ ਤਾਂ ਇਹ ਇੱਟਾਂ ਪਿਪਲੀ ਸਾਹਿਬ ਹੀ ਅਉਣਗੀਆਂ, ਖੂਹ ਨੂੰ ਨਹੀਂ ਲਗਣਗੀਆਂ। ਇਹ ਕਹਿ ਕੇ ਬਾਲ ਗੋਬਿੰਦ ਦਾਸ ਜੀ ਡੇਰਾ ਪਿਪਲੀ ਸਾਹਿਬ ਵੱਲ ਦੌੜ ਗਏ।

ਗੋਬਿੰਦ ਦਾਸ ਜੀ ਦਾ ਵਾਕ ਸੱਚ ਹੋਇਆ, ਰਾਤ ਸਮੇਂ ਪਿੰਡ ਖੁਣ ਖੁਣ ਕਲਾਂ ਵਿੱਚ ਪਲੇਗ ਪੈ ਗਈ ਤੇ ਪਿੰਡ ਵਿੱਚ ਹਾਹਾਕਾਰ ਮਚ ਗਈ। ਲੋਥਾਂ ਦੇ ਢੇਰ ਲਗ ਗਏ, ਲੋਕਾਂ ਨੂੰ ਖੂਹ ਲਗਾਉਣਾ ਭੁੱਲ ਗਿਆ।

ਕਿਸੇ ਸਿਆਣੇ ਪੁਰਸ਼ ਨੇ ਸਲਾਹ ਦਿੱਤੀ, ਇਹ ਬੀਮਾਰੀ ਗੋਬਿੰਦ ਦਾਸ ਜੀ ਦੇ ਵਾਕ ਕਰਕੇ ਹੋਈ ਹੈ। ਸੋ ਪਹਿਲਾਂ ਸਾਰੀਆਂ ਇੱਟਾਂ ਚੁੱਕ ਕੇ ਡੇਰਾ ਪਿਪਲੀ ਸਾਹਿਬ ਪਹੁੰਚਾਈਆਂ ਜਾਣ ਅਤੇ ਇਸ ਤੋਂ ਬਾਅਦ ਮ੍ਰਿਤਕ ਲੋਥਾਂ ਦਾ ਸਸਕਾਰ ਕੀਤਾ ਜਾਵੇ। ਇੱਟਾਂ, ਪਿਪਲੀ ਸਾਹਿਬ ਪਹੁੰਚਾਉਣ ਦੇ ਨਾਲ ਹੀ ਪਿੰਡ ਵਿਚੋਂ ਪਲੇਗ ਦੀ ਬੀਮਾਰੀ ਦੂਰ ਹੋ ਗਈ।

ਪਿੰਡ ਨਿਵਾਸੀਆਂ ਨੇ ਦੋਬਾਰਾ ਖੂਹ ਦਾ ਪਾੜ ਪੁਟਣਾ ਸ਼ੁਰੂ ਕੀਤਾ ਅਤੇ ਸਵਾ ਰੁਪਿਆ, ਬੱਟੀ ਸ਼ਕਰ ਸਮੇਤ ਡੇਰਾ ਪਿਪਲੀ ਸਾਹਿਬ ਪਹੁੰਚਾਏ ਗਏ। ਖੂਹ ਦੀ ਉਸਾਰੀ ਨਿਰਵਿਘਨ ਸਮਾਪਤ ਹੋਈ।

ਤਰੁਨ ਅਵਸਥਾ ਸਮੇਂ ਬਾਲ ਗੋਬਿੰਦ ਦਾਸ ਜੀ ਵਿਰਕਤ ਅਵਸਥਾ ਵਿੱਚ ਰਹਿਣ ਲਗ ਪਏ ਅਤੇ ਫਿਰ ਆਪ ਨੇ ਪਿੰਡ ਖੁਣ ਖੁਣ ਕਲਾਂ ਛੱਡ ਦਿਤਾ ਅਤੇ ਲਗਭਗ ਦਸ ਸਾਲ ਦੀ ਉਮਰ ਵਿੱਚ ਸ਼ਿਵਾਲਕ ਪਹਾੜੀਆਂ ਦੇ ਇਲਾਕੇ ਵਿੱਚ ਸਹੌੜੇ ਦੀ ਪਹਾੜੀ ਤੇ ਬਾਬਾ ਨੰਦ ਲਾਲ ਜੀ ਸਹੌੜੇ ਵਾਲੇ ਅਤੇ ਬਾਬਾ ਜਵਾਹਰ ਦਾਸ ਜੀ ਪਿੰਡ ਸੂਸਾਂ ਵਾਲਿਆਂ ਨਾਲ ਇਕੋ ਧੂਣੇ ਤੇ ਤਪਸਿਆ ਕਰਨੀ ਸ਼ੁਰੂ ਕੀਤੀ ਤੇ ਪ੍ਰਭੂ ਨੂੰ ਪਾ ਲਿਆ ਅਤੇ ਪ੍ਰਭੂ ਨਾਲ ਇਕ ਮਿਕ ਹੋ ਗਏ। ਬਾਰਾਂ ਸਾਲ ਬਾਅਦ ਬਾਬਾ ਨੰਦ ਲਾਲ ਜੀ ਦੇ ਮਨ ਵਿੱਚ ਫੁਰਨਾ ਫੁਰਿਆ, ਦੇਖਾਂ ਤਾਂ ਸਹੀ, ਗੋਬਿੰਦ ਦਾਸ ਨੇ ਕੁਝ ਖੱਟਿਆ ਵੀ ਹੈ ਜਾਂ ਖਾਲੀ ਹੀ ਹੈ। ਬਾਬਾ ਨੰਦ ਲਾਲ ਜੀ ਨੇ ਉਚੀ ਆਵਾਜ ਵਿੱਚ ਕਿਹਾ, "ਗੋਬਿੰਦ ਦਾਸ ਜੀ, ਸਾਨੂੰ ਪਿਆਸ ਨੇ ਬਹੁਤ ਸਤਾਇਆ ਹੈ, ਕਿਸੇ ਤਰ੍ਹਾਂ ਜਲ ਛਕਾਓ।" ਸਹੌੜੇ ਵਾਲੀ ਪਹਾੜੀ ਤੇ ਪਾਣੀ ਦੀ ਬਹੁਤ ਕਿੱਲਤ ਸੀ, ਗੋਬਿੰਦ ਦਾਸ ਜੀ ਸਦਾ ਆਪਣੇ ਕੋਲ ਇਕ ਤੀਰ ਰਖਿਆ ਕਰਦੇ ਸਨ, ਉਹਨਾਂ ਨੇ ਉਹ ਤੀਰ ਜ਼ੋਰ ਨਾਲ ਪੱਥਰ ਤੇ ਮਾਰਿਆ ਤਾਂ ਜਲ ਦਾ ਸੋਮਾ ਵਗ ਤੁਰਿਆ।

ਗੋਬਿੰਦ ਦਾਸ ਜੀ ਨੇ ਕਿਹਾ, "ਬਾਬਾ ਜੀ, ਜੀਅ ਭਰਕੇ ਪਾਣੀ ਪੀਓ।" ਬਾਬਾ ਨੰਦ ਲਾਲ ਜੀ ਨੇ ਖੁਸ਼ ਹੋ ਕੇ ਕਿਹਾ, "ਬਸ, ਬਸ ਗੋਬਿੰਦ ਦਾਸ ਜੀ, ਮੈਂ ਤਾਂ ਦੇਖਣਾ ਸੀ ਕਿ ਬਾਰਾਂ ਸਾਲ ਤਪਸਿਆ ਵੀ ਕੀਤੀ ਹੈ, ਕੁਝ ਖੱਟਿਆ ਵੀ ਹੈ ਜਾਂ ਨਹੀਂ, ਹੁਣ ਮੈਨੂੰ ਭਰੋਸਾ ਹੋ ਗਿਆ ਹੈ ਕਿ ਤੁਸੀਂ ਪੂਰਨ ਬ੍ਰਹਮ ਗਿਆਨੀ ਹੋ ਗਏ ਹੋ। ਤੁਸੀਂ ਜਿਧਰ ਵੀ ਜਾਵੋਗੇ, ਸਫ਼ਲਤਾ ਤੁਹਾਡੇ ਪੈਰ ਚੁੰਮੇਗੀ।" ਬਾਬਾ ਨੰਦ ਲਾਲ ਜੀ ਨੇ ਵਰਦਾਨ ਦੇਂਦਿਆ ਕਿਹਾ। ਜਿਥੇ ਪਾਣੀ ਦਾ ਸੋਮਾ ਫੁਟਿਆ ਸੀ, ਬਾਅਦ ਵਿੱਚ ਉਥੇ ਬਉਲੀ ਦੀ ਉਸਾਰੀ ਕੀਤੀ ਗਈ ਸੀ ਅਤੇ ਬਾਬਾ ਨੰਦ ਲਾਲ ਜੀ ਉਥੇ ਹੀ ਟਿਕ ਗਏ ਸਨ।

ਬਾਬਾ ਗੋਬਿੰਦ ਦਾਸ ਜੀ ਅਤੇ ਬਾਬਾ ਜਵਾਹਰ ਦਾਸ ਜੀ ਸੂਸਾਂ ਵਾਲੇ (ਸੂਸ ਪਿੰਡ, ਭੋਗਪੁਰ ਤੋਂ ਬੁਲੋਵਾਲ- ਜਿਲਾ ਹੁਸ਼ਿਆਰਪੁਰ ਜਾਣ ਵਾਲੀ ਸੜਕ ਤੇ ਤਿੰਨ ਕਿਲੋਮੀਟਰ ਦੂਰ ਹੈ।) ਆਪਣੇ ਜੱਦੀ ਪਿੰਡ ਸੂਸ ਆ ਗਏ ਉਹ ਜਾਤ ਵਜੋਂ ਜੱਟ ਸਨ। ਉਹਨਾਂ ਨੇ ਆਪਣੇ ਖੇਤ ਵਿੱਚ ਪੜਾਅ ਕੀਤਾ ਅਤੇ ਪੱਕਾ ਟਿਕਾਣਾ ਬਣਾ ਲਿਆ। ਹੋਰ, ਕਿਤੇ ਅੱਗੇ ਜਾਣ ਦਾ

ਸਕੰਲਪ ਤਿਆਗ ਦਿੱਤਾ।

ਬਾਬਾ ਗੋਬਿੰਦ ਦਾਸ ਜੀ ਦੀ ਆਯੂ ਲਗਭਗ 22 ਕੁ ਸਾਲ ਦੀ ਹੋ ਚੁੱਕੀ ਸੀ। ਆਪ ਦਾ ਇਹ ਭਰ ਜੁਆਨੀ ਦਾ ਸਮਾਂ ਸੀ। ਇਸ ਲਈ ਦੇਸ਼ ਦੇਸ਼ਾਂਤਰਾਂ ਦਾ ਭਰਮਣ ਕਰਦੇ ਹੋਏ ਬਿਦਰਾਬਨ ਵੱਲ ਨਿਕਲ ਗਏ। ਇਕ ਉਹਨਾਂ ਤੇ ਲੋਹੜੇ ਦੀ ਜਵਾਨੀ ਸੀ ਅਤੇ ਦੂਜਾ ਮਨ ਦੀ ਇਕਾਗਰਤਾ ਹਰ ਕਿਸੇ ਦੇਖਣ ਵਾਲੇ ਨੂੰ ਮੋਹ ਲੈਂਦੀ ਸੀ। ਉਹਨਾਂ ਦਾ ਉਜਲ ਮਸਤਕ, ਨੂਰਾਨੀ ਚਿਹਰਾ, ਪ੍ਰਭੂ ਸਿਮਰਨ ਵਿੱਚ ਫੁਰਕਦੇ ਬੁੱਲ ਇਕ ਅਗੰਮੀ ਖੇੜਾ ਤੇ ਅਨੰਦ ਦੀ ਅਵਸਥਾ ਪੈਦਾ ਕਰਦੇ ਸਨ। ਪੰਜ ਮਹਾਂਬਲੀ ਉਹਨਾਂ ਦੀ ਕੰਟਰੋਲ ਵਿੱਚ ਆ ਚੁੱਕੇ ਸਨ ਅਤੇ ਰਸਨਾ ਅਠੇ ਪਹਿਰ ਸਵਾਸ ਸਵਾਸ ਪ੍ਰਭੂ ਸਿਮਰਨ ਕਰਿਆ ਕਰਦੀ ਸੀ।

ਬ੍ਰਿੰਦਾਬਨ, ਉਹ ਇਤਿਹਾਸਕ ਜਗ੍ਹਾ ਹੈ ਜਿਥੇ ਭਗਵਾਨ ਕ੍ਰਿਸ਼ਨ ਜੀ ਨੇ ਗੋਪੀਆਂ ਨਾਲ ਰਾਸ ਲੀਲਾਵਾਂ ਕੀਤੀਆਂ ਅਤੇ ਹੋਰ ਅਨੇਕ ਕੌਤਕ ਕੀਤੇ ਸਨ। ਇਸ ਲਈ ਸਦੀਆਂ ਤੋਂ ਕ੍ਰਿਸ਼ਨ ਲੀਲਾ ਦੀ ਯਾਦ ਨੂੰ ਤਾਜ਼ਾ ਕਰਨ ਲਈ ਸਮੇਂ-ਸਮੇਂ ਉਥੇ ਰਾਸ ਲੀਲਾ ਰਚਾਈਆਂ ਜਾਂਦੀਆਂ ਰਹੀਆਂ ਹਨ। ਬਾਬਾ ਗੋਬਿੰਦ ਦਾਸ ਜੀ ਵੀ ਬਸੰਤੀ ਰੰਗ ਦੇ ਬਸਤਰ ਪਹਿਨ ਕੇ ਕ੍ਰਿਸ਼ਨ ਲੀਲਾ ਕਰਕੇ ਸਭ ਦਾ ਮਨ ਮੋਹ ਲੈਂਦੇ ਸਨ। ਰਾਸ ਲੀਲਾ ਵਿੱਚ ਉਹ ਸਾਖਸ਼ਾਤ ਭਗਵਾਨ ਕ੍ਰਿਸ਼ਨ ਦਾ ਰੂਪ ਲਗਦੇ ਸਨ।

ਏਧਰ ਪੰਜਾਬ ਦੀ ਧਰਤੀ ਤੇ ਬਾਰਵੇਂ ਸਤਿਗੁਰੂ ਰਾਮ ਸਿੰਘ ਜੀ ਨੇ 1857 ਈ. ਦੀ ਇਤਿਹਾਸਕ ਵਿਸਾਖੀ ਨੂੰ ਸੰਤ ਖਾਲਸਾ ਪੰਥ ਦੀ ਸਾਜਨਾ ਕਰਕੇ ਨਾਮਧਾਰੀ ਪੰਥ ਦੀ ਹੋਂਦ ਪ੍ਰਗਟ ਕੀਤੀ ਹੋਈ ਸੀ। ਉਹਨਾਂ ਦੀ ਕਿਰਪਾ ਨਾਲ ਗੁਰੂ ਨਾਨਕ- ਗੁਰੂ ਗੋਬਿੰਦ ਸਿੰਘ ਜੀ ਵੱਲੋਂ ਸਥਾਪਤ ਕੀਤਾ ਸਿਖ ਧਰਮ ਅਗੇ ਵਧਿਆ। ਦੂਰ ਦੁਰਾਡੇ ਬੈਠੇ ਧਰਮੀ ਪੁਰਸ਼ ਜੋ ਅਜੇ ਰਸਤੇ ਵਿੱਚ ਹੀ ਸਨ, ਮੰਜ਼ਲ ਤੇ ਨਹੀਂ ਪਹੁੰਚੇ ਸਨ, ਅਨੇਕ ਧਰਮੀ ਪੁਰਸ਼ਾਂ ਨੂੰ ਸੁਪਨ ਦਰਸ਼ਨ ਦੇ ਕੇ ਸ੍ਰੀ ਭੈਣੀ ਸਾਹਿਬ ਅਉਣ ਲਈ ਕਿਹਾ ਅਤੇ ਫਿਰ ਐਸਾ ਹੀ ਬਾਬਾ ਗੋਬਿੰਦ ਦਾਸ ਜੀ ਨਾਲ ਵੀ ਹੋਇਆ।

ਜਦੋਂ ਵਾਰ-ਵਾਰ ਰੋਜ਼ਾਨਾ ਰਾਤ ਸਮੇਂ ਸਤਿਗੁਰੂ ਰਾਮ ਸਿੰਘ ਜੀ ਦੇ ਸੁਪਨ ਦਰਸ਼ਨ ਬਾਬਾ ਜੀ ਨੂੰ ਹੋ ਰਹੇ ਸਨ ਤਾਂ ਫਿਰ ਉਹ ਸ੍ਰੀ ਭੈਣੀ ਸਾਹਿਬ ਦੀ ਪਵਿੱਤਰ ਧਰਤੀ ਨੂੰ ਪਰਸਣ ਲਈ ਚੱਲ ਪਏ ਤਾਂ ਸਤਿਗੁਰੂ ਜੀ ਨੇ ਬਾਬਾ ਜੀ ਦਾ ਸਵਾਗਤ ਕਰਨ ਅਰਥਾਤ ਮਿਲਣ ਲਈ ਭਗਵਾਨ ਸਿੰਘ ਚੋਬਦਾਰ ਨੇ ਉਹਨਾਂ ਦਾ ਡੇਰਾ ਕਰਵਾਇਆ ਤਾਂ ਪਹਿਲਾਂ ਇਕ ਰਾਗੀ ਨੂੰ ਤੇ ਫਿਰ ਸੂਬੇ ਨੂੰ ਸਵਾਗਤ ਅਤੇ ਆਓ ਭਗਤ ਕਰਨ ਲਈ ਭੇਜਿਆ। ਬਾਬਾ ਗੋਬਿੰਦ ਦਾਸ ਜੀ ਆਏ ਸੇਵਕਾਂ ਦਾ ਬਾਣਾ ਦੇਖ ਕੇ ਪ੍ਰਸੰਨ ਹੋਏ ਅਤੇ ਸੋਚਣ ਲਗੇ ਕਿ ਅਜੇ ਬਾਣੇ ਦੇ ਦਰਸ਼ਨ ਹੋਏ ਹਨ। ਸਤਿਗੁਰਾਂ ਦੇ ਅਜੇ ਦਰਸ਼ਨ ਨਹੀਂ ਹੋਏ। ਤੀਜੇ ਦਿਨ ਬਾਬਾ ਗੋਬਿੰਦ ਦਾਸ ਜੀ ਨੂੰ ਦੀਵਾਨ ਵਿੱਚ ਲਿਜਾਇਆ ਗਿਆ ਅਤੇ ਸਤਿਗੁਰੂ ਜੀ ਨੇ ਉਹਨਾਂ ਨਾਲ ਅਪਾਰ ਬਚਨ ਕੀਤੇ। ਉਹਨਾਂ ਨੂੰ ਬਸੰਤੀ ਰੰਗ ਦੇ ਬਸਤਰ ਪਹਿਨਾਏ ਗਏ। ਸੰਤ ਇੰਦਰ ਸਿੰਘ ਚਕਰਵਰਤੀ ਜੀ ਦੇ ਸ਼ਬਦਾਂ ਵਿੱਚ ਪੜੋ- "ਤੀਜੇ ਦਿਨ ਹਜ਼ੂਰ ਨੇ ਸਾਧੂ ਨੂੰ ਆਪਣੇ ਦੀਵਾਨ ਵਿੱਚ ਸੱਦ ਭੇਜਿਆ। ਦਰਸ਼ਨ ਕਰਦੇ ਸਾਰ ਹੀ ਬੈਰਾਗੀ ਹੀ ਚਰਨਾਂ ਤੇ ਢਹਿ ਪਿਆ, ਬੇਸੁਧ ਹੋ ਗਿਆ। ਇਕ ਪਹਿਰ ਮਸਤ ਰਿਹਾ। "ਮਹਾਂਪੁਰਖ ਜੀ ਆਪਣੇ ਘਰ ਆ ਗਏ ਹੋ, ਹੋਸ਼ ਸੰਭਾਲੋ, ਸਾਵਧਾਨ ਹੋਵੋ।" ਸੇਵਾਦਾਰ ਨੂੰ ਹੁਕਮ ਹੋਇਆ- ਇਸ਼ਨਾਨ ਕਰਾ ਕੇ ਕਛਹਿਰਾ ਪਹਿਨਾ ਲਿਆਓ। ਜੂੜਾ ਵਿਚਕਾਰ ਕਰਨਾ।" ਹੁਕਮ ਅਨੁਸਾਰ ਸੇਵਾਦਾਰ ਇਸ਼ਨਾਨ ਕਰਵਾ ਲਿਆਇਆ। ਅੰਮ੍ਰਿਤ ਤਿਆਰ ਕਰਵਾ ਕੇ, ਹਜ਼ੂਰ ਨੇ ਆਪ ਕਮਰ ਕੱਸਾ ਕਰਕੇ ਗੋਬਿੰਦ ਦਾਸ ਦੇ ਸੀਸ ਤੇ ਦਮਾਲਾ ਸਜਾਇਆ। ਦਮਾਲੇ ਅੱਗੇ ਖੰਡਾ ਅਤੇ ਚੱਕਰ ਸਜਾਇਆ। ਆਪਣੀ ਹੱਥੀਂ ਅੰਮ੍ਰਿਤ ਛਕਾ ਕੇ ਹੁਕਮ ਕੀਤਾ ਕਿ- "ਭਾਈ ਥੋੜੇ ਦਿਨਾਂ ਨੂੰ ਬੜਾ ਭਾਰੀ ਸਾਂਗ ਵਰਤੇਗਾ, ਉਸ ਵਿੱਚ ਵਿਰਲੇ ਹੀ ਕਾਇਮ ਰਹਿ ਸਕਣਗੇ, ਜਿਨ੍ਹਾਂ ਵਿੱਚ ਏਹ ਮਹਾਂ ਆਤਮਾ ਵੀ ਤਿਆਰ ਬਰ ਤਿਆਰ ਰਹਿ ਕੇ ਗੁਰਮਤਿ ਪ੍ਰਚਾਰ ਜਾਰੀ ਰਖੇਗੀ।" ਬਹੁਤ ਸਾਰੇ ਵਰ ਦਿੱਤੇ ਅਤੇ ਗੋਬਿੰਦ ਦਾਸ ਤੋਂ ਸ੍ਰੀ ਮਾਨ ਬਾਬਾ ਹਰਨਾਮ ਸਿੰਘ ਜੀ ਨਾਉਂ ਰੱਖਿਆ। ਅੰਮ੍ਰਿਤ ਛੱਕ ਕੇ ਆਪ ਜੀ ਦਾ ਤੇਜ ਸੂਰਜ ਸਮਾਨ ਚਮਕਾਂ ਮਾਰਨ ਲਗਾ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ਼ ਗਵਨ ਕਰਨ ਪਿਛੋਂ ਬਾਬਾ ਹਰਨਾਮ ਸਿੰਘ ਜੀ ਗੜ੍ਹਦੀਵਾਲਾ (ਜਿਲ੍ਹਾ ਹੁਸ਼ਿਆਰਪੁਰ) ਵਿਖੇ ਜਾ ਰਹੇ ਸਨ।"

(ਇਹ ਉਪਰੋਕਤ ਵੇਰਵਾ ਸਤਿਜੁਗ ਅਖਬਾਰ ਦੇ "ਬਸੰਤ ਅੰਕ" 10 ਮਾਘ 1992 ਬਿਕਰਮੀ (1936 ਈ.) ਦੇ ਅੰਕ ਵਿਚੋਂ ਲਿਆ ਗਿਆ ਹੈ।) ਬਾਬਾ ਜੀ ਬਾਰੇ ਨਾਮਧਾਰੀ ਪੰਥ ਕੋਲ ਸਿਰਫ਼ ਇਹੋ ਇਕੋ ਇਕ ਲਿਖਤ ਹੈ ਜਿਸ ਵਿਚੋਂ ਕੁਝ ਜਾਣਕਾਰੀ ਮਿਲਦੀ ਹੈ। ਹੋਰ ਕਿਸੇ ਵੀ ਨਾਮਧਾਰੀ ਇਤਿਹਾਸ ਦੇ ਸਰੋਤ ਵਿਚੋਂ ਇਹਨਾਂ ਬਾਰੇ ਜਾਣਕਾਰੀ ਨਹੀਂ ਮਿਲਦੀ ਹੈ। ਉਪਰੋਕਤ ਲਿਖਤ ਵਿਚੋਂ "ਭਾਈ ਥੋੜੇ ਦਿਨਾਂ ਨੂੰ ਬੜਾ ਭਾਰੀ ਸਾਂਗ ਵਰਤੇਗਾ...।" ਤੋਂ ਇਸ਼ਾਰਾ ਸਤਿਗੁਰੂ ਜੀ ਦੇ ਪ੍ਰਦੇਸ਼ ਗਵਨ ਬਾਰੇ ਹੁੰਦਾ ਹੈ ਜਿਸ ਤੋਂ ਜਾਪਦਾ ਹੈ ਬਾਬਾ ਜੀ, ਸਤਿਗੁਰੂ ਰਾਮ ਸਿੰਘ ਜੀ ਦੇ ਸਿੱਖ

1871 ਵਿੱਚ ਬਣੇ ਸਨ।

ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ਼ ਗਵਨ ਤੋਂ ਬਾਅਦ ਅੰਗਰੇਜ਼ ਸਰਕਾਰ ਦੇ ਤਸ਼ਦਦ ਸ੍ਰੀ ਭੈਣੀ ਸਾਹਿਬ ਅਤੇ ਨਾਮਧਾਰੀ ਜਗਤ ਤੇ ਬਹੁਤ ਵੱਧ ਗਏ। ਉਸ ਅਰਾਜਕਤਾ ਦੇ ਸਮੇਂ ਬਾਬਾ ਹਰਨਾਮ ਸਿੰਘ ਜੀ ਸ੍ਰੀ ਭੈਣੀ ਸਾਹਿਬ ਤੋਂ ਕਸਬਾ ਗੜ੍ਹਦੀਵਾਲਾ ਆ ਗਏ ਅਤੇ ਜਿਥੇ ਵਰਤਮਾਨ ਸਮੇਂ ਉਹਨਾਂ ਦਾ ਡੇਰਾ ਭਾਵ ਗੁਰਦੁਆਰਾ ਹੈ, ਉਥੇ ਟਿਕਾਣਾ ਕਰ ਲਿਆ ਅਤੇ ਧਰਮ ਪ੍ਰਚਾਰ ਕਰਨ ਲਗ ਪਏ। ਉਹ ਮੁੜ ਸ੍ਰੀ ਭੈਣੀ ਸਾਹਿਬ ਗਏ ਜਾਂ ਨਹੀਂ, ਇਸ ਬਾਰੇ ਇਤਿਹਾਸ ਚੁਪ ਹੈ। ਬਾਬਾ ਜੀ ਘੁੰਮ ਫਿਰਕੇ ਇਲਾਕੇ ਵਿੱਚ ਧਰਮ ਪ੍ਰਚਾਰ ਕਰਦੇ ਰਹੇ। ਉਦਾਹਰਣ ਵਜੋਂ ਪਹਾੜੀ ਇਲਾਕੇ ਵਿੱਚ ਮਕੋਵਾਲ- ਸੰਸਾਰਪੁਰ, ਤਲਵਾੜਾ, ਖੁਡਾ, ਪਲਾਹਚੱਕ, ਝੱਜ ਪਿੰਡ ਆਦਿਕ ਵਿੱਚ ਗਏ, ਜਿਥੇ ਅਜੇ ਤੱਕ ਬਾਬਾ ਜੀ ਦੀ ਆਮਦ ਦੀਆਂ ਨਿਸ਼ਾਨੀਆਂ ਕਾਇਮ ਹਨ। ਉਹਨਾਂ ਦੀਆਂ ਅਨੇਕ ਸਾਖੀਆਂ ਅੱਜ ਲੋਕ ਵਿਰਸੇ ਦਾ ਅੰਗ ਬਣ ਚੁਕੀਆਂ ਹਨ।

ਬਾਬਾ ਜੀ ਜਦੋਂ ਗੜ੍ਹਦੀਵਾਲਾ ਆਏ ਤਾਂ ਉਹਨਾਂ ਦਾ ਵਾਹ ਚੌਧਰੀ ਸ਼ਿਵ ਸਿੰਘ ਜ਼ੈਲਦਾਰ ਨਾਲ ਪਿਆ, ਜੋ ਧੰਨੀ ਨਾਮ ਦੀ ਇਕ ਮੁਟਿਆਰ ਬੀਬੀ ਨੂੰ ਕਿਧਰੋਂ ਉਧਾਲਕੇ ਜਾਂ ਖਰੀਦ ਕੇ ਲਿਆਇਆ ਸੀ। ਜੋ ਸ਼ਾਮ ਨੂੰ ਰੋਜ਼ਾਨਾ ਉਸਦੇ ਨਾਚ ਮੁਜਰੇ ਦੇਖਿਆ ਕਰਦਾ ਸੀ। ਏਧਰ ਡੇਰੇ ਵਿੱਚ ਬਾਬਾ ਜੀ ਰਹਿਰਾਸ ਸਾਹਿਬ ਦਾ ਪਾਠ ਕਰਦੇ ਅਤੇ ਫਿਰ ਹੱਲੇ ਦਾ ਦੀਵਾਨ ਲਗਾਇਆ ਕਰਦੇ ਸਨ। ਉਹ ਜ਼ੈਲਦਾਰ ਬਾਬਾ ਜੀ ਦੀ ਸਖ਼ਸ਼ੀਅਤ ਤੋਂ ਬਹੁਤ ਪ੍ਰਭਾਵਤ ਹੋਇਆ ਅਤੇ ਨਾਮਧਾਰੀ ਸਿੰਘ ਸੱਜ ਗਿਆ ਸੀ। ਸਰਕਾਰ ਦੇ ਸੀ.ਆਈ.ਡੀ. ਵਿਭਾਗ ਦੇ ਕਰਮਚਾਰੀ ਬਾਬਾ ਜੀ ਦੇ ਪਿਛੇ ਘੁੰਮਿਆ ਕਰਦੇ ਸਨ ਤਾਂ ਕਿ ਬਾਬਾ ਜੀ ਕਿਧਰੇ ਸਰਕਾਰ ਦੇ ਖਿਲਾਫ਼ ਤਾਂ ਪ੍ਰਚਾਰ ਨਹੀਂ ਕਰ ਰਹੇ। ਬਾਬਾ ਜੀ ਦੇ ਕਹਿਣ ਤੇ ਚੌਧਰੀ ਸ਼ਿਵ ਸਿੰਘ ਨੇ ਉਹ ਸਰਕਾਰੀ ਕਰਮਚਾਰੀ ਬਾਬਾ ਜੀ ਦੀ ਰੋਜ਼ਾਨਾ ਦੀ ਰਿਪੋਰਟ ਤਿਆਰ ਕਰਨ ਤੋਂ ਹਟਵਾ ਦਿਤੇ ਸਨ।

ਗੜ੍ਹਦੀਵਾਲਾ ਤੋਂ ਬਿਨਾਂ ਭੱਟੀਆਂ (ਜਿਲ੍ਹਾ ਹੁਸ਼ਿਆਰਪੁਰ) ਵਿਖੇ ਵੀ ਡੇਰਾ ਆਬਾਦ ਹੈ। ਇਕ ਹੋਰ ਉਹਨਾਂ ਦਾ ਡੇਰਾ ਕਾਦੀਆਂ (ਜਿਲਾਂ ਗੁਰਦਾਸਪੁਰ) ਵਿਖੇ ਆਬਾਦ ਹੈ, ਉਥੇ ਉਹਨਾਂ ਦੇ ਸੇਵਕ ਛੋਟੇ ਹਰਨਾਮ ਸਿੰਘ ਨੇ ਬਾਬਾ ਹਰਨਾਮ ਸਿੰਘ ਜੀ ਦੀ ਯਾਦ ਵਿੱਚ ਕਾਦੀਆਂ ਵਿਖੇ ਆਬਾਦ ਕੀਤਾ ਸੀ। ਇਕ ਹੋਰ ਛੋਟਾ ਯਾਦਗਾਰੀ ਸਥਾਨ ਪਿੰਡ ਪਲਾਹ ਚੱਕ ਵਿਚ ਹੈ ਅਤੇ ਪਿੰਡ ਖੁਡਾ ਵਿਖੇ ਅਮਰੀਕ ਸਿੰਘ ਦੇ ਘਰ ਸਥਾਨ ਹੈ, ਜਿਥੇ ਬਾਬਾ ਜੀ ਜਦੋਂ ਵੀ ਏਧਰ ਆਉਂਦੇ ਸੀ, ਉਥੇ ਬਿਰਾਜਿਆ ਕਰਦੇ ਸਨ। ਉਥੇ ਇਕ ਵਾਰ ਸਤਿਗੁਰੂ ਪ੍ਰਤਾਪ ਸਿੰਘ ਜੀ ਵੀ ਬਿਰਾਜੇ ਸਨ।

ਡੇਰਾ ਭੱਟੀਆਂ ਵਿੱਚ ਬਾਬਾ ਜੀ ਦੀ ਕਿਰਪਾ ਨਾਲ ਖੂਹ ਦਾ ਜਲ ਅੰਮ੍ਰਿਤ ਬਣ ਗਿਆ ਸੀ, ਅਨੇਕਾਂ ਅਸਾਧ ਰੋਗਾਂ ਦਾ ਇਲਾਜ ਠੰਡੇ ਮਿਠੇ ਜਲ ਨਾਲ ਹੋ ਜਾਇਆ ਕਰਦਾ ਸੀ। ਉਹਨਾਂ ਦੀ ਕ੍ਰਿਪਾ ਨਾਲ ਸ਼ੇਰ ਸਿੰਘ, ਪਹਾੜਾ ਸਿੰਘ ਅਤੇ ਉਤਮ ਸਿੰਘ ਖੂਹੀ ਦੇ ਜਲ ਨਾਲ ਇਸ਼ਨਾਨ ਕਰਕੇ ਕੋਹੜ ਦੀ ਬੀਮਾਰੀ ਤੋਂ ਛੁਟਕਾਰਾ ਪਾ ਗਏ ਸਨ। ਇਕ ਵਾਰ ਬਾਬਾ ਜੀ ਮਾਲਵੇ ਵੱਲ ਨਿਕਲ ਗਏ, ਜ਼ਿਲਾ ਲੁਧਿਆਣਾ ਦੇ ਕਿਸੇ ਪਿੰਡ ਵਿੱਚ ਮਾਤਾ ਖੇਮ ਕੌਰ ਜੀ ਰਹਿੰਦੇ ਸਨ ਜੋ ਕੋਹੜ ਦੇ ਰੋਗ ਨਾਲ ਪੀੜਤ ਸਨ। ਮਾਈ ਜੀ ਦੇ ਪਤੀ ਸ. ਖਜ਼ਾਨ ਸਿੰਘ ਨੇ ਉਸ ਨੂੰ ਘਰ ਤੋਂ ਬਾਹਰ ਝੁਗੀ ਪਾ ਦਿੱਤੀ ਸੀ ਜੋ ਉਥੇ ਲਾਚਾਰੀ ਦੀ ਹਾਲਤ ਵਿੱਚ ਦਿਨ ਬਤੀਤ ਕਰ ਰਹੀ ਸੀ। ਇਹ ਵੀ ਆਖਿਆ ਜਾਂਦਾ ਹੈ ਕਿ ਮਾਈ ਖੇਮ ਕੌਰ ਪੱਟੀ ਨਗਰ ਦੀ ਜੱਟੀ ਸੀ, ਉਸਦੇ ਭਰਾ ਦਾ ਨਾਮ ਜਸਵੰਤ ਸਿੰਘ ਸੀ।

ਬਾਬਾ ਜੀ ਨੂੰ ਉਸ ਮਾਈ ਤੇ ਤਰਸ ਆ ਗਿਆ, ਉਹਨਾਂ ਨੇ ਮਾਈ ਨੂੰ ਉਸ ਦੇ ਘਰ ਦੀ ਖੂਹੀ ਤੇ ਇਸ਼ਨਾਨ ਕਰਵਾ ਕੇ ਉਪਰ ਫੁਲਕਾਰੀ ਦੇ ਦਿੱਤੀ। ਥੋੜੇ ਸਮੇਂ ਬਾਅਦ ਫੁਲਕਾਰੀ ਲਾਹੀ ਤਾਂ ਮਾਤਾ ਜੀ ਰੋਗ ਰਹਿਤ ਹੋ ਚੁਕੇ ਸਨ। ਹੁਣ ਮਾਈ ਖੇਮ ਕੌਰ ਜੀ, ਬਾਬਾ ਜੀ ਦੇ ਪਿਛੇ ਹੀ ਡੇਰਾ ਭਟੀਆਂ ਵਿਖੇ ਆ ਗਏ ਅਤੇ ਸਾਰੀ ਉਮਰ ਡੇਰੇ ਦੀ ਸੇਵਾ ਕਰਦੇ ਰਹੇ।

ਇਕ ਵਾਰ ਬਰਸਾਤ ਦੇ ਦਿਨਾਂ ਵਿੱਚ ਵਰਖਾ ਬਹੁਤ ਹੋਈ, ਪਿੰਡ ਗੰਭੋਵਾਲ ਵਾਲੇ ਚੋਅ ਵਿੱਚ ਹੜ੍ਹ ਆ ਗਿਆ ਸੀ। ਜੋ ਸਿੱਧਾ ਪਿੰਡ ਕੁੱਟੀਆਂ ਵਲ ਆਉਂਦਾ ਸੀ। ਲੋਕਾਂ ਨੇ ਬੇਨਤੀ ਕੀਤੀ, ਬਾਬਾ ਜੀ ਸਾਨੂੰ ਪਾਣੀ ਤੋਂ ਬਚਾਓ। ਲੋਕਾਂ ਦੀ ਬੇਨਤੀ ਸੁਣ ਕੇ ਬਾਬਾ ਜੀ ਹੜ੍ਹ ਦੇ ਵਹਿਣ ਕੋਲ ਜਾ ਖਲੋਏ ਅਤੇ ਹੱਥ ਦੇ ਇਸ਼ਾਰੇ ਨਾਲ "ਇਧਰ ਕੋ ਨਹੀ, ਉਧਰ ਕੋ ਹੋ ਜਾ" ਕਿਹਾ। ਬਾਬਾ ਜੀ ਦਾ ਹੁਕਮ ਚੋਅ ਦੇ ਵਹਿਣ ਨੇ ਮੰਨਿਆ, ਹੜ੍ਹ ਭੱਟੀਆਂ ਪਿੰਡ ਵਲ ਆਉਣਾ ਬੰਦ ਹੋ ਕੇ ਪਿੰਡ ਰਲਹਣ ਵਲ ਵਗਣਾ ਸ਼ੁਰੂ ਹੋ ਗਿਆ। ਪਿੰਡ ਗੰਭੋਵਾਲ ਦੇ ਇਕ ਬੰਦੇ ਨੇ ਮਸ਼ਕਰੀ ਕੀਤੀ ਕਿ ਹੜ੍ਹ ਇਕ ਨਿਹੰਗ ਸਿੰਘ ਜੀ ਬਲੀ ਮੰਗਦਾ ਹੈ ਤਾਂ ਬਾਬਾ ਜੀ ਨੂੰ ਪਿੰਡ ਭਟੀਆਂ ਦੇ ਲੋਕਾਂ ਨੇ ਉਸ ਬਾਰੇ ਦਸ ਦਿੱਤਾ। ਬਾਬਾ ਜੀ ਨੇ ਪਿੰਡ ਗੰਭੋਵਾਲ ਵੱਲ ਦੇਖ ਕੇ ਆਖਿਆ ਕਿ "ਪਿੰਡ ਕੇ ਏਕ ਕੇ ਦੋ ਹੋ ਜਾਓ।" ਹੜ੍ਹ ਨੇ ਤਬਾਹੀ ਮਚਾ ਦਿੱਤੀ ਅਤੇ ਪਿੰਡ ਦੇ ਵਿਚਕਾਰ ਤੋਂ ਹੜ੍ਹ ਦਾ ਵਹਿਣ ਬਣ ਗਿਆ।

**ਬਾਕੀ ਸਫ਼ਾ ਨੰ 15 'ਤੇ**

# ਹਰਿਮੰਦਰ ਸਾਹਿਬ ਦੀ ਪਵਿੱਤਰਤਾ ਲਈ ਅਦੁੱਤੀ ਸ਼ਹਾਦਤ

**ਸਿਮਰਨ ਕੌਰ**
**ਜੀ. ਐੱਨ. ਡੀ. ਯੂਨੀਵਰਸਿਟੀ, ਅੰਮ੍ਰਿਤਸਰ**

29 ਮਾਰਚ 1849 ਈ. ਨੂੰ ਖਾਲਸਾ ਰਾਜ ਦਾ ਆਖਰੀ ਦਰਬਾਰ ਸੱਜਿਆ। ਲਾਹੌਰ ਦੇ ਸ਼ਾਹੀ ਕਿਲੇ ਤੋਂ ਕੇਸਰੀ ਝੰਡਾ ਉਤਾਰਕੇ ਬ੍ਰਿਟਿਸ਼ ਸਾਮਰਾਜ ਦਾ ਝੰਡਾ ਲਹਿਰਾ ਦਿੱਤਾ ਗਿਆ। ਅੰਗਰੇਜ਼ ਨੇ ਨਾਨਕਸ਼ਾਹੀ, ਗੁਰੂ ਗੋਬਿੰਦ ਸਿੰਘ ਜੀ ਦੇ ਸਿੱਕੇ ਬੰਦ ਕਰਕੇ ਆਪਣੀ ਕਰੰਸੀ ਪ੍ਰਚੱਲਿਤ ਕਰ ਦਿੱਤੀ। ਗੋਰਿਆਂ ਨੇ ਭਾਰਤੀ ਗ੍ਰੰਥਾਂ ਦਾ ਨਿਰਾਦਰ ਕਰਕੇ ਇਸਾਈ ਮੱਤ ਦਾ ਪ੍ਰਚਾਰ ਅਰੰਭ ਦਿੱਤਾ। ਭਾਈ ਮਹਾਰਾਜ ਸਿੰਘ ਨੂੰ ਕੈਦ ਕਰਕੇ ਅਤੇ ਬਾਬਾ ਬੀਰ ਸਿੰਘ ਨੌਰੰਗਾਬਾਦੀ ਨੂੰ ਸ਼ਹੀਦ ਕਰਕੇ ਅੰਗਰੇਜ਼ ਨੇ ਸਿੱਖਾਂ ਦੀ ਹੋਂਦ ਖ਼ਤਮ ਕਰਨ ਦਾ ਦਾਅਵਾ ਕਰ ਦਿੱਤਾ।

ਅੰਗਰੇਜ਼ ਨੇ ਦੇਸ਼ ਨੂੰ ਗੁਲਾਮ ਕਰਕੇ ਰਾਜ ਕਰਨ ਦੀ ਆਪਣੀ "ਪਾੜੋ ਤੇ ਰਾਜ ਕਰੋ" ਦੀ ਮਾਰੂ ਨੀਤੀ ਲਾਗੂ ਕਰਦਿਆਂ ਪਹਿਲੀ ਵਾਰ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਤੇ ਕੀਤਾ। ਪੰਜਾਬ ਵਿੱਚ ਮੁਸਲਮਾਨ, ਹਿੰਦੂ, ਸਿੱਖ ਗਊ ਦਾ ਬਰਾਬਰ ਸਤਿਕਾਰ ਕਰਦੇ ਸਨ। ਖਾਲਸਾ ਰਾਜ ਅੰਗਰੇਜ਼ ਦੇ ਅਧੀਨ ਹੋਣ ਤੋਂ ਸਿਰਫ਼ 36 ਦਿਨ ਬਾਅਦ ਹੀ ਸਰਕਾਰ ਨੇ 4 ਮਈ 1849 ਈ. ਨੂੰ ਪੰਜਾਬ ਵਿੱਚ ਗਊ ਮਾਸ ਵੇਚਣ ਦੀ ਖੁੱਲ੍ਹ ਦੇ ਦਿੱਤੀ। ਅੰਮ੍ਰਿਤਸਰ ਦੀ ਪਵਿੱਤਰ ਧਰਤੀ ਤੇ ਗਊ ਬੱਧ ਹੋਣ ਲੱਗਿਆ। ਪਹਿਲੋ-ਪਹਿਲ ਸ਼ਹਿਰ ਤੋਂ ਬਾਹਰ ਬੁੱਚੜਖਾਨਾ ਖੋਲ੍ਹਿਆ ਗਿਆ, ਫਿਰ ਸ਼ਹਿਰ ਦੇ ਅੰਦਰ ਲਾਹੌਰੀ ਗੇਟ ਕੋਲ ਤੇ ਤੀਸਰਾ ਹਰਿਮੰਦਰ ਸਾਹਿਬ ਦੇ ਨਜ਼ਦੀਕ ਘੰਟਾ ਘਰ ਕੋਲ। ਅੰਮ੍ਰਿਤਸਰ ਦੀ ਧਰਤੀ ਤੇ ਵੱਡੀ ਪੱਧਰ ਤੇ ਗਊ ਹੱਤਿਆ ਹੋਣ ਲੱਗੀ। ਉੱਤਰੀ ਭਾਰਤ ਵਿੱਚ ਅੰਮ੍ਰਿਤਸਰ ਸ਼ਹਿਰ ਚਮੜੇ ਦੀ ਸਭ ਤੋਂ ਵੱਡੀ ਮੰਡੀ ਬਣ ਗਿਆ। ਇੰਗਲੈਂਡ ਵਿੱਚ ਮਾਸ ਅਤੇ ਚਮੜੇ ਦਾ ਵਪਾਰ ਕਰਨ ਵਾਲੀਆਂ ਕੰਪਨੀਆਂ ਨੇ ਅੰਮ੍ਰਿਤਸਰ ਵੱਲ ਵਹੀਰਾਂ ਘੱਤ ਲਈਆਂ। ਬੁੱਚੜਖਾਨਿਆਂ ਵਿੱਚ ਚੰਗੀ ਨਸਲ ਦੀਆਂ ਗਊਆਂ, ਢੱਠੇ, ਵਹਿੜਕੇ ਅਤੇ ਵੱਛੇ ਵੀ ਵੱਢੇ ਜਾਣ ਲੱਗੇ ਅਤੇ ਗਊ ਮਾਸ ਸ਼ਹਿਰ ਦੇ ਗਲੀ-ਮੁਹੱਲਿਆਂ ਵਿੱਚ ਹੋਕੇ ਦੇ ਕੇ ਵਿਕਣ ਲੱਗ ਪਿਆ। ਜਿਸ ਨਾਲ ਹਿੰਦੂ-ਸਿੱਖਾਂ ਦੇ ਹਿਰਦੇ ਵਲੂੰਦਰੇ ਗਏ। ਪੰਜਾਬ ਦੇ ਲੋਕਾਂ ਲਈ ਗਊ ਉਸ ਸਮੇਂ ਵੱਡਾ ਵਰਦਾਨ ਸੀ ਕਿਉਕਿ ਗਊ ਦੁੱਧ ਦਿੰਦੀ ਜਿਸ ਨਾਲ ਪਰਿਵਾਰ ਪਲਦੇ, ਬਲਦ ਅਤੇ ਵਹਿੜਕੇ ਖੇਤੀਬਾੜੀ ਅਤੇ ਢੋਆ-ਢੁਆਈ ਦਾ ਕਾਰਜ ਕਰਨ ਲਈ ਕਿਸਾਨੀ ਦਾ ਧੁਰਾ ਸਨ। ਗਊ ਹੱਤਿਆ ਦੇ ਇਸ ਅੰਨ੍ਹੇ ਪਾਪ ਵਿਰੁੱਧ ਕੋਈ ਅਵਾਜ਼ ਨਾ ਕੱਢਦਾ। ਜੇਕਰ ਹਿੰਦੂ ਸਿੱਖਾਂ ਨੇ ਇਕੱਠੇ ਹੋ ਕੇ ਗੁਰੂ ਕੀ ਨਗਰੀ ਵਿੱਚ ਬੁੱਚੜਖਾਨਾ ਬੰਦ ਕਰਾਉਣ ਲਈ ਆਪਣੀ ਆਵਾਜ਼ ਉਠਾਈ ਤਾਂ ਉਹਨਾਂ ਨੂੰ ਅੰਗਰੇਜ਼ ਨੇ ਸਖ਼ਤੀ ਨਾਲ ਦਬਾਅ ਦਿੱਤਾ ਅਤੇ ਬੁੱਚੜਖਾਨੇ ਦਾ ਵਿਰੋਧ ਕਰਨ ਵਾਲੇ 22 ਹਿੰਦੂਆਂ ਵਿਰੁੱਧ ਅਦਾਲਤ ਵਿੱਚ ਕੇਸ ਦਰਜ ਕਰ ਦਿੱਤੇ। ਸ਼ਹਿਰ ਦੇ ਜਗੀਰਦਾਰ, ਸ਼ਾਹੂਕਾਰ, ਹਿੰਦੂ-ਸਿੱਖ ਵਪਾਰੀ ਬਾਹਰੀ ਰੂਪ ਵਿੱਚ ਲੋਕਾਂ ਨਾਲ ਖੜ੍ਹਦੇ ਪਰ ਅੰਦਰੋਂ ਅੰਗਰੇਜਾਂ ਦੀ ਜੀ ਹਜ਼ੂਰੀ ਤੇ ਚਾਪਲੂਸੀ ਕਰਦੇ।

ਘੰਟਾ ਘਰ ਕੋਲ ਖੁੱਲ੍ਹੇ ਬੁੱਚੜਖਾਨੇ ਨਾਲ ਹਰਿਮੰਦਰ ਸਾਹਿਬ ਦੀ ਪਵਿੱਵਰਤਾ ਭੰਗ ਹੋਣ ਲੱਗੀ। ਕਾਂ, ਇੱਲ੍ਹਾਂ, ਜਾਨਵਰ ਬੁੱਚੜਖਾਨੇ ਤੋਂ ਮਾਸ ਦੀਆਂ ਬੋਟੀਆਂ ਚੁੱਕ ਕੇ ਹਰਿਮੰਦਰ ਸਾਹਿਬ ਦੀਆਂ ਕੰਧਾਂ ਤੇ ਆ ਬੈਠਦੇ ਤੇ ਕਈ ਵਾਰ ਮਾਸ ਦੀਆਂ ਬੋਟੀਆਂ ਪਰਿਕਰਮਾਂ ਜਾਂ ਸਰੋਵਰ ਕੰਢੇ ਵੀ ਆ ਸੁੱਟਦੇ। ਇੱਕ ਦਿਨ ਬਾਬਾ ਬੀਰ ਸਿੰਘ ਨੌਰੰਗਾਬਾਦੀ ਦੇ ਚੇਲੇ ਦੇਵਾ ਸਿੰਘ ਨੇ ਇੱਕ ਮਾਸ ਦੀ ਹੱਡੀ ਸਰੋਵਰ ਕਿਨਾਰੇ ਡਿੱਗੀ ਵੇਖੀ। ਉਸਦੇ ਹਿਰਦੇ ਨੂੰ ਭਾਰੀ ਸੱਟ ਲੱਗੀ। ਉਸਨੇ ਇਹ ਹੱਡੀ ਚੁੱਕਕੇ ਪੁਜਾਰੀ ਸਿੱਖਾਂ ਨੂੰ ਦਿਖਾਉਣ ਲਈ ਦਰਬਾਰ ਸਾਹਿਬ ਅੰਦਰ ਗੁਰੂ ਗ੍ਰੰਥ ਸਾਹਿਬ ਅੱਗੇ ਲਿਆ ਰੱਖੀ। ਜਿਸ ਬਦਲੇ ਸੁਧਾਰਕ ਕਦਮ ਚੁੱਕਣ ਦੀ ਬਜਾਏ ਅੰਗਰੇਜਾਂ ਦੇ ਹਮਜੋਲੀ ਅਤੇ ਹਰਿਮੰਦਰ ਸਾਹਿਬ ਦੇ ਪ੍ਰਮੁੱਖ ਸ. ਮੰਗਲ ਸਿੰਘ ਰਾਮਗੜ੍ਹੀਆ ਨੇ ਭਾਈ ਦੇਵਾ ਸਿੰਘ ਨੂੰ 15 ਮਈ 1871 ਈ. ਨੂੰ 3 ਸਾਲ ਦੀ ਕੈਦ ਕਰਵਾਕੇ ਕਾਲ ਕੋਠੜੀ ਵਿੱਚ ਬੰਦ ਕਰਵਾ ਦਿੱਤਾ।

ਅਜਿਹੇ ਅੰਧਕਾਰ ਦੇ ਸਮੇਂ ਵਿੱਚ ਕੂਕਾ ਅੰਦੋਲਨ ਦੇ ਮੋਢੀ ਗੁਰੂ ਰਾਮ ਸਿੰਘ ਜੀ ਦੀ ਅਗਵਾਈ ਵਿੱਚ ਨਾਮਧਾਰੀਆਂ ਨੇ ਅੰਗਰੇਜ਼ਾਂ ਖਿਲਾਫ਼ ਸੁਤੰਤਰਤਾ ਸੰਗਰਾਮ ਦਾ ਬਿਗਲ ਵਜਾਇਆ ਹੋਇਆ ਸੀ। ਪਿੰਡਾਂ ਦੇ ਪਿੰਡ ਲੋਕ ਨਾਮਧਾਰੀ ਸੱਜ ਚੁੱਕੇ ਸਨ। ਸਤਿਗੁਰੂ ਰਾਮ ਸਿੰਘ ਜੀ ਨੇ ਸਮਾਜ ਨੂੰ ਆਪਣਾ ਮੂਲ ਪਛਾਨਣ ਲਈ, ਦਸ਼ਮੇਸ਼ ਪਿਤਾ ਦੀ ਸਿੱਖੀ ਨੂੰ ਪ੍ਰਫੁੱਲਤ ਕਰਨ ਲਈ ਅਤੇ ਅੰਗਰੇਜ਼ ਨੂੰ ਭਾਰਤ ਵਿੱਚੋਂ ਕੱਢਣ ਲਈ ਸਵਦੇਸ਼ੀ ਅਤੇ ਨਾ-ਮਿਲਵਰਤਨ ਦੀ

ਲਹਿਰ ਚਲਾਈ। ਅੰਗਰੇਜੀ ਮਿੱਲਾਂ, ਰੇਲ ਗੱਡੀਆਂ, ਅਦਾਲਤਾਂ, ਅੰਗਰੇਜੀ ਸਕੂਲਾਂ, ਡਾਕਖਾਨਿਆਂ ਦਾ ਬਾਈਕਾਟ ਕਰ ਦਿੱਤਾ ਸੀ। ਗੁਰੂ ਰਾਮ ਸਿੰਘ ਨੇ ਸਿੱਖ ਰਾਜ ਦੇ ਸਮੇਂ ਵਾਲੇ ਖਾਲਸਾ ਰਾਜ ਦੇ ਸਮੁੱਚੇ ਇਲਾਕੇ ਨੂੰ 22 ਹਿੱਸਿਆਂ ਵਿੱਚ ਵੰਡਕੇ 22 ਸੂਬੇ ਨਿਯੁਕਤ ਕੀਤੇ। ਬੰਗਾਲੀਪੁਰ ਵਿੱਚ ਸੂਬਾ ਸਾਹਿਬ ਸਿੰਘ, ਅੰਮ੍ਰਿਤਸਰ ਵਿੱਚ ਸੂਬਾ ਰੂੜ ਸਿੰਘ ਅਤੇ ਸਿਆਲਕੋਟ ਵਿੱਚ ਸੂਬਾ ਰਾਜਾ ਸਿੰਘ ਤਰਾਂਡੀ ਨੂੰ ਸੂਬਾ ਥਾਪਿਆ ਹੋਇਆ ਸੀ ਜੋ ਅੰਮ੍ਰਿਤਸਰ ਅਤੇ ਮਾਝੇ ਇਲਾਕੇ ਵਿੱਚ ਗੁਰਸਿੱਖੀ ਦਾ ਪ੍ਰਚਾਰ ਕਰਦੇ ਅਤੇ ਆਜ਼ਾਦੀ ਦੀ ਲਹਿਰ ਨੂੰ ਪ੍ਰਚੰਡ ਕਰਦੇ। ਸੂਬਾ ਰਾਜਾ ਸਿੰਘ ਤਰਾਂਡੀ ਨੇ ਸਰਕਾਰੇ ਦਰਬਾਰੇ ਦਫ਼ਤਰਾਂ ਵਿੱਚ ਜਾ ਕੇ ਅੰਮ੍ਰਿਤਸਰ ਸ਼ਹਿਰ ਵਿੱਚ ਬੁੱਚੜਖਾਨਾਂ ਚੁੱਕਣ ਲਈ ਗੁਹਾਰ ਵੀ ਲਗਾਈ ਸੀ, ਪਰ ਅੰਗਰੇਜ਼ ਨੇ ਸਭ ਨਾ-ਮਨਜ਼ੂਰ ਕਰ ਦਿੱਤਾ ਅਤੇ ਮੁਸਲਮਾਨਾਂ ਨੂੰ ਥਾਪੜੇ ਦੇ ਕੇ ਗਊ ਬੱਧ ਦਾ ਕਾਰੋਬਾਰ ਹੋਰ ਪ੍ਰਫੁੱਲਤ ਕਰਨ ਤੇ ਜੋਰ ਦਿੰਦਿਆਂ ਬੁੱਚੜਖਾਨਿਆਂ ਵਿੱਚ ਕਾਰੋਬਾਰ ਕਰਨ ਵਾਲਿਆਂ ਨੂੰ ਭੈਅ ਮੁਕਤ ਕਰਨ ਲਈ ਬੁੱਚੜਖਾਨਿਆਂ ਅੱਗੇ ਪੁਲਿਸ ਚੌਂਕੀਆਂ ਵੀ ਸਥਾਪਤ ਕਰ ਦਿੱਤੀਆਂ।

ਇੱਕ ਦਿਨ ਨਾਮਧਾਰੀ ਸਿੰਘਾਂ ਦਾ ਜੱਥਾ ਮਿਹਰ ਸਿੰਘ ਅਤੇ ਸੰਤਾ ਸਿੰਘ ਦੀ ਆਗਵਾਈ ਵਿੱਚ ਅੰਮ੍ਰਿਤਸਰ ਹਰਿਮੰਦਰ ਸਾਹਿਬ ਵਿਖੇ ਦਰਸ਼ਨ ਕਰਨ ਗਿਆ ਤਾਂ ਪਰਿਕਰਮਾਂ ਵਿੱਚ ਅਤੇ ਸਰੋਵਰ ਕਿਨਾਰੇ ਗਊ ਮਾਸ ਦੀਆਂ ਬੋਟੀਆਂ ਵੇਖਕੇ ਉਹਨਾਂ ਦਾ ਖ਼ੂਨ ਉਬਾਲੇ ਖਾਣ ਲੱਗਿਆ। ਇਹਨਾਂ ਸਿੰਘਾਂ ਨੂੰ ਉਹਨਾਂ ਦੀ ਅਣਖ਼ ਨੇ ਵੰਗਾਰਿਆ ਅਤੇ ਅੰਗਰੇਜ਼ ਦੇ ਅੱਤਿਆਚਾਰੀ ਰਾਜ ਦੀਆਂ ਜਿਆਦਤੀਆਂ ਉਹਨਾਂ ਦੇ ਸਿਰ ਚੜ੍ਹ ਬੋਲਣ ਲੱਗੀਆਂ। ਅੰਮ੍ਰਿਤਸਰ ਸ਼ਹਿਰ ਅਤੇ ਪਿੰਡਾਂ ਦੇ ਮੋਹਤਬਰ ਨਾਮਧਾਰੀ ਸਿੱਖ ਫਤਿਹ ਸਿੰਘ ਭਾਟੜਾ ਦੀ ਦੁਕਾਨ ਤੇ ਇਕੱਤਰ ਹੋਏ। ਅੰਮ੍ਰਿਤਸਰ ਅਤੇ ਪਿੰਡਾਂ ਦੇ 15 ਕੁ ਸਰਗਰਮ ਨਾਮਧਾਰੀ ਸਿੰਘਾਂ ਨੇ ਹਰਿਮੰਦਰ ਸਾਹਿਬ ਨੇੜਿਓਂ ਬੁੱਚੜਖਾਨੇ ਦਾ ਕਲੰਕ ਮਿਟਾਉਣ ਦੀ ਠਾਣ ਲਈ। ਤਿੰਨ ਵਾਰ ਬੁੱਚੜਖਾਨੇ ਤੇ ਹਮਲਾ ਕਰਨ ਦੀ ਕੋਸ਼ਿਸ਼ ਕੀਤੀ ਗਈ ਪਰ ਕੋਈ ਨਾ ਕੋਈ ਅੜਿੱਕਾ ਪੈਂਦਾ ਰਿਹਾ। ਅਖੀਰ 14-15 ਜੂਨ ਦੀ ਰਾਤ ਨੂੰ 10 ਨਾਮਧਾਰੀ ਸਿੰਘਾਂ ਨੇ 12 ਵਜੇ ਬੁੱਚੜਖਾਨੇ ਤੇ ਧਾਵਾ ਬੋਲ ਦਿੱਤਾ। ਚਾਰ ਬੁੱਚੜਾਂ ਨੂੰ ਪਾਰ ਬੁਲਾ ਦਿੱਤਾ ਅਤੇ ਤਿੰਨ ਗੰਭੀਰ ਜ਼ਖ਼ਮੀ ਹੋ ਗਏ ਅਤੇ ਸਿੰਘ ਆਪਣੀ ਕਾਰਵਾਈ ਕਰਕੇ ਰਫੂ ਚੱਕਰ ਹੋ ਗਏ।

ਸਵੇਰ ਹੁੰਦਿਆਂ ਹੀ ਸ਼ਹਿਰ ਵਿੱਚ ਹਾਹਾਕਾਰ ਮੱਚ ਗਈ, ਭਾਵੇਂ ਹਿੰਦੂ ਸਿੱਖਾਂ ਨੇ ਸੁੱਖ ਦਾ ਸਾਹ ਲਿਆ ਪਰ ਅੰਗਰੇਜ਼ ਬ੍ਰਿਟਿਸ਼ ਹਕੂਮਤ ਲਈ ਇਹ ਵੱਡੀ ਚੁਣੌਤੀ ਸੀ। ਅੰਗਰੇਜ਼ ਅਫਸਰਾਂ ਫੌਰਨ ਮੇਜਰ ਡੇਵਿਸ਼ ਤੇ ਡਿਪਟੀ ਇੰਸਪੈਕਟਰ ਕਰਨਲ ਬੇਲੀ ਨੇ ਸਰਗਰਮੀ ਨਾਲ ਤਫ਼ਤੀਸ਼ ਅਰੰਭ ਕਰ ਦਿੱਤੀ ਪਰ ਅੰਮ੍ਰਿਤਸਰ ਦਾ ਚੱਪਾ-ਚੱਪਾ ਛਾਣਬੀਣ ਕਰਨ ਨਾਲ ਵੀ ਪੁਲਿਸ ਦੇ ਹੱਥ ਕੁਝ ਨਾ ਲੱਗਿਆ। ਸਰਕਾਰ ਵੱਲੋਂ ਡੀ.ਐੱਸ.ਪੀ. ਕ੍ਰਿਸ਼ਟੀ ਦੀ ਵਿਸੇਸ਼ ਡਿਊਟੀ ਲਗਾਈ ਗਈ ਤਾਂ ਕ੍ਰਿਸ਼ਟੀ ਨੇ 12 ਨਿਰਦੋਸ਼ੇ ਆਦਮੀਆਂ ਨੂੰ ਕੁੱਟ-ਕੁੱਟ ਕੇ ਤਸੀਹੇ ਦੇ ਦੇ ਕੇ, ਜੁਲਮ ਜੋ ਉਹਨਾਂ ਨੇ ਨਹੀਂ ਕੀਤਾ ਸੀ ਕਬੂਲ ਕਰਵਾ ਲਿਆ ਅਤੇ ਦੋਸ਼ ਐਦ ਕਰਕੇ ਕੇਸ ਸ਼ੈਸ਼ਨ ਕੋਰਟ ਭੇਜ ਦਿੱਤਾ।

ਬੁੱਚੜਾਂ ਦਾ ਕਤਲ ਕਰਨ ਵਾਲੇ ਦੋ ਨਾਮਧਾਰੀ ਸਿੰਘ 21-22 ਜੁਲਾਈ ਨੂੰ ਸਤਿਗੁਰੂ ਰਾਮ ਸਿੰਘ ਨੂੰ ਨਮਸਕਾਰ ਕਰਨ ਭੈਣੀ ਸਾਹਿਬ ਗਏ। ਗੁਰੂ ਰਾਮ ਸਿੰਘ ਨੇ ਸਿੰਘਾਂ ਨੂੰ ਅੰਮ੍ਰਿਤਸਰ ਦੇ ਸਾਕੇ ਬਾਰੇ ਪੁੱਛਿਆ ਤਾਂ ਉਹਨਾਂ ਸਭ ਕੁਝ ਸੱਚ ਦੱਸ ਦਿੱਤਾ ਅਤੇ ਇਹ ਵੀ ਦੱਸਿਆ ਕਿ ਪੁਲਿਸ ਉਹਨਾਂ ਤੇ ਕੋਈ ਸੱਕ ਨਹੀਂ ਕਰਦੀ। ਗੁਰੂ ਰਾਮ ਸਿੰਘ ਨੇ ਸਿੰਘਾਂ ਨੂੰ ਆਖਿਆ "ਬੀਜੇ ਕੋਈ ਹੋਰ ਤੇ ਵੱਢੇ ਕੋਈ ਹੋਰ", ਸਤਿਗੁਰਾਂ ਆਖਿਆ ਕਚਿਹਰੀ ਵਿੱਚ ਜਾਕੇ ਆਪਣਾ ਜੁਲਮ ਇਕਬਾਲ ਕਰੋ ਅਤੇ ਬੇਦੋਸ਼ਿਆਂ ਨੂੰ ਛੁਡਾਓ। ਬੁੱਚੜਖਾਨੇ ਤੇ ਹਮਲਾ ਕਰਨ ਵਾਲਿਆਂ ਵਿੱਚੋਂ ਚਾਰ ਸਿੰਘ, ਭਾਈ ਹਾਕਮ ਸਿੰਘ, ਭਾਈ ਲਹਿਣਾ ਸਿੰਘ ਤਰਖਾਣ, ਭਾਈ ਬੀਹਲਾ ਸਿੰਘ ਅਤੇ ਭਾਈ ਫਤਿਹ ਸਿੰਘ ਨੇ ਅੰਮ੍ਰਿਤਸਰ ਜਾ ਕੇ ਆਤਮ ਸਮਰਪਣ ਕਰ ਦਿੱਤਾ ਅਤੇ ਆਪਣੇ ਨਾਲ ਵਾਲੇ ਸਾਥੀਆਂ ਭਾਈ ਲਹਿਣਾ ਸਿੰਘ, ਭਾਈ ਲਛਮਣ ਸਿੰਘ, ਭਾਈ ਲਾਲ ਸਿੰਘ, ਭਾਈ ਭਗਵਾਨ ਸਿੰਘ, ਭਾਈ ਮਿਹਰ ਸਿੰਘ ਅਤੇ ਭਾਈ ਝੰਡਾ ਸਿੰਘ ਬਾਰੇ ਵੀ ਦੱਸ ਦਿੱਤਾ ਤੇ ਹਮਲੇ ਵਿੱਚ ਵਰਤੇ ਦੱਬੇ ਹੋਏ ਹਥਿਆਰ ਵੀ ਪੇਸ਼ ਕਰ ਦਿੱਤੇ।

11 ਸਤੰਬਰ ਨੂੰ ਅੰਗਰੇਜ਼ ਅਧਿਕਾਰੀ ਮਿਸਟਰ ਸੀ.ਆਰ. ਲਿੰਡਸੇ, ਚੀਫ਼ ਕੋਰਟ ਦੇ ਜੱਜ ਮਿਸਟਰ ਜੇ.ਐੱਸ. ਕੈਂਮਪਬੈਲ ਨੇ ਦੋਸ਼ੀਆਂ ਦੀ ਮਿਸਲ ਤਸਦੀਕ ਕਰ ਦਿੱਤੀ ਅਤੇ 15 ਸਤੰਬਰ 1871 ਈ. ਨੂੰ ਚਾਰੇ ਸਿੰਘਾਂ ਨੂੰ ਫਾਂਸੀ ਦੀ ਸਜਾ ਸੁਣਾ ਦਿੱਤੀ ਗਈ।

ਸਿੰਘਾਂ ਨੂੰ ਅੰਗਰੇਜ਼ ਅਧਿਕਾਰੀਆਂ ਵੱਲੋਂ ਆਖਰੀ ਇੱਛਾ ਬਾਰੇ ਪੁੱਛਣ ਤੇ ਸਿੰਘਾਂ ਆਖਿਆ ਉਹ ਚਮੜੇ ਦੀ ਤੰਦੀ ਗਲ ਵਿੱਚ ਨਹੀਂ ਪਾਉਣਗੇ, ਰੇਸ਼ਮ ਦੇ ਰੱਸਿਆਂ ਨਾਲ ਸ਼ਹੀਦੀਆਂ ਪ੍ਰਾਪਤ ਕਰਨਗੇ। ਜਿਸ ਸਰੋਵਰ ਦੀ ਪਵਿੱਤਰਤਾ

ਲਈ ਉਹ ਅੱਜ ਫਾਂਸੀਆਂ ਤੇ ਚੜ੍ਹ ਰਹੇ ਹਨ। ਉਹ ਉਸ ਸਰੋਵਰ ਵਿੱਚ ਇਸ਼ਨਾਨ ਕਰਕੇ ਹੀ ਸ਼ਹੀਦੀਆਂ ਪ੍ਰਾਪਤ ਕਰਨੀਆਂ ਚਾਹੁੰਦੇ ਹਨ। ਚਾਰੇ ਨਾਮਧਾਰੀ ਸਿੰਘਾਂ ਨੇ ਹਰਿਮੰਦਰ ਸਾਹਿਬ ਸਰੋਵਰ ਵਿੱਚ ਇਸ਼ਨਾਨ ਕੀਤਾ, ਅਰਦਾਸਾ ਸੋਧਿਆ ਅਤੇ ਸਿੰਘ ਢੋਲਕ ਛੈਣਿਆਂ ਨਾਲ ਗੁਰਬਾਣੀ ਦੇ ਸ਼ਬਦ ਪੜ੍ਹਦੇ ਰਾਮ ਬਾਗ ਦੇ ਇੱਕ ਵੱਡੇ ਬੋਹੜ ਨਾਲ ਆਪਣੇ ਗਲਾਂ ਵਿੱਚ ਰੇਸ਼ਮ ਦੇ ਰੱਸੇ ਪਾਕੇ 15 ਸਤੰਬਰ 1871 ਈ. ਵਾਲੇ ਦਿਨ ਸ਼ਹੀਦੀਆਂ ਪ੍ਰਾਪਤ ਕਰ ਗਏ।

ਅੱਜ ਵੀ ਸ਼ਹੀਦੀਆਂ ਵਾਲਾ ਇਹ ਪਵਿੱਤਰ ਸਥਾਨ ਅਤੇ ਬੋਹੜ ਨਾਮਧਾਰੀ ਸ਼ਹੀਦਾਂ ਦੀ ਯਾਦ ਦਿਵਾਉਂਦਾ ਹੈ। ਹਰ ਸਾਲ 15 ਸਤੰਬਰ ਨੂੰ ਇਹਨਾਂ ਮਹਾਨ ਸ਼ਹੀਦਾਂ ਦੀ ਯਾਦ ਵਿੱਚ ਸਤਿਗੁਰੂ ਜੀ ਦੀ ਰਹਿਨੁਮਾਈ ਹੇਠ ਭਾਰੀ ਸ਼ਹੀਦੀ ਸਮਾਗਮ ਧੂਮਧਾਮ ਨਾਲ ਮਨਾਇਆ ਜਾਂਦਾ ਹੈ ਸਮਾਗਮ ਵਿੱਚ ਦਿਵਾਨ ਸਜਦੇ ਹਨ, ਗੁਰਬਾਣੀ ਦਾ ਕੀਰਤਨ ਹੁੰਦਾ ਹੈ ਅਤੇ ਧਾਰਮਿਕ ਤੇ ਰਾਜਨੀਤਿਕ ਸਖ਼ਸ਼ੀਅਤਾਂ ਸ਼ਹੀਦਾਂ ਨੂੰ ਸਰਧਾਂਜਲੀਆਂ ਭੇਂਟ ਕਰਦੀਆਂ ਹਨ।

..................................................

## ਪੂਰਨ ਪੁਰਖ ਬ੍ਰਹਮ ਗਿਆਨੀ....

ਜੋ ਅੱਜ ਵੀ ਛੋਟਾ ਗੰਭੋਵਾਲ ਅਤੇ ਵੱਡਾ ਗੰਭੋਵਾਲ ਅਖਵਾਉਂਦੇ ਹਨ ਤੇ ਬਾਬਾ ਜੀ ਦੀ ਯਾਦ ਨੂੰ ਤਾਜ਼ਾ ਕਰ ਰਹੇ ਹਨ। ਇਕ ਵਾਰ ਬਰਸਾਤ ਦੇ ਦਿਨਾਂ ਵਿੱਚ ਬਾਬਾ ਜੀ ਪਿੰਡ ਝੱਜ ਵਿੱਚ ਗਏ ਬਾਰਸ਼ ਬਹੁਤ ਹੋ ਰਹੀ ਸੀ, ਹੜ੍ਹ ਦਾ ਪਾਣੀ ਬਹੁਤ ਆ ਗਿਆ, ਪਿੰਡ ਦੇ ਡੁਬ ਜਾਣ ਦਾ ਖਤਰਾ ਪੈਦਾ ਹੋ ਗਿਆ ਸੀ। ਲੋਕਾਂ ਨੇ ਬੇਨਤੀ ਕੀਤੀ ਕਿ ਸਾਨੂੰ ਬਚਾਓ। ਬਾਬਾ ਜੀ ਨੇ ਚੋਅ ਦੇ ਵਿਚਕਾਰ ਮੰਜਾ ਡਾਹ ਲਿਆ ਅਤੇ ਦੋ ਮੰਜੇ ਉਪਰ ਖੜੇ ਕਰਵਾ ਕੇ ਤਰਪਾਲ ਪਵਾ ਲਈ ਅਤੇ ਆਪ ਮੰਜੇ ਤੇ ਆਸਣ ਲਗਾ ਬੈਠ ਗਏ। ਹੜ੍ਹ ਦਾ ਪਾਣੀ ਉਹਨਾਂ ਦੇ ਮੰਜੇ ਤੋਂ ਦੂਰ ਹੀ ਰਹੇ, ਨੇੜੇ ਨਾ ਆਵੇ। ਓਧਰ ਬਾਬਾ ਜੀ ਨੇ ਆਪਣੇ ਪੁਰਾਣੇ ਸੰਗੀ ਸਾਥੀ ਬਾਬਾ ਜਵਾਹਰ ਦਾਸ ਸੂਸਾਂ ਵਾਲਿਆਂ ਨਾਲ ਰੂਹਾਨੀ ਟੈਲੀਫੋਨ ਜੋੜ ਕੇ ਕਿਹਾ ਕਿ ਹੜ੍ਹਦਾ ਪਾਣੀ ਸੂਸਾ ਪਿੰਡ ਵਲ ਭੇਜ ਦੇਈਏ। ਅਗੋਂ ਬਾਬਾ ਜਵਾਹਰ ਦਾਸ ਜੀ ਨੇ ਕਿਹਾ ਕਿ ਹੜ੍ਹ ਏਧਰ ਭੇਜ ਦੇਵੋ ਕਿਉਂਕਿ ਪਿੰਡ ਸੂਸਾਂ ਦੇ ਜਿਆਦਾ ਲੋਕ ਮਨਮੁਖ ਹਨ। ਬਾਬਾ ਜੀ ਨੇ ਹੁਕਮ ਕੀਤਾ ਤਾਂ ਹੜ੍ਹ ਝਟ ਪਿੰਡ ਸੂਸਾਂਵਲ ਚਲਾ ਗਿਆ ਅਤੇ ਪਿੰਡ ਰੋੜ ਦਿੱਤਾ ਸੀ।

ਐਸੀ ਹੀ ਇਕ ਘਟਨਾ ਪਿੰਡ ਮੱਕੋਵਾਲ ਜੋ ਗੜ੍ਹਦੀਵਾਲਾ ਤੋਂ ਅੱਗੇ ਪਹਾੜੀ ਇਲਾਕੇ ਵਿੱਚ ਸ਼ਾਮਲ ਹੈ। ਉਥੇ ਬਰਸਾਤੀ ਪਾਣੀ ਦੇ ਵਹਿਣ ਨੂੰ ਬਦਲਿਆ ਸੀ।

1915 ਈ. ਵਿੱਚ ਬਾਬਾ ਜੀ ਝੱਜ ਪਿੰਡ ਗਏ ਤਾਂ ਆਪ ਜੀ ਨੇ ਐਲਾਨ ਕਰ ਦਿੱਤਾ ਕਿ ਸਾਡਾ ਅੰਤ ਸਮਾਂ ਆ ਗਿਆ ਹੈ, ਉਹਨਾਂ ਨੇ ਆਪਣੇ ਸੇਵਕਾਂ ਨੂੰ ਆਖਿਆ ਕਿ ਸਾਨੂੰ ਪਿੰਡ ਭੱਟੀਆਂ ਵਾਲੇ ਡੇਰੇ ਲੈ ਚੱਲੋ ਪ੍ਰੰਤੂ ਸੇਵਕ ਗੜ੍ਹਦੀਵਾਲਾ ਵਾਲੇ ਡੇਰੇ ਲੈ ਗਏ। ਆਖਦੇ ਹਨ ਕਿ ਬਾਬਾ ਜੀ ਸੇਵਕਾਂ ਨੂੰ ਬਹੁਤ ਗੁੱਸੇ ਹੋਏ ਕਿ ਤੁਸੀਂ ਸਾਨੂੰ ਗੜ੍ਹਦੀਵਾਲਾ ਕਿਉਂ ਲਿਆਏ ਹੋ? ਉਹਨਾਂ ਕਿਹਾ ਸੀ ਕਿ ਤੁਸੀਂ ਪਿੰਡ ਭਟੀਆਂ ਲੈ ਜਾਂਦੇ ਤਾਂ ਅਸੀਂ ਅਜੇ ਸਰੀਰ ਨਹੀਂ ਤਿਆਗਣਾ ਸੀ। ਤੁਸੀਂ ਸਾਨੂੰ ਗੜ੍ਹਦੀਵਾਲਾ ਲਿਆਏ ਹੋ ਅਸੀਂ ਸਰੀਰ ਤਿਆਗ ਰਹੇ ਹਾਂ ਅਤੇ 26 ਜੇਠ ਨੂੰ ਸਰੀਰ ਤਿਆਗ ਦਿੱਤਾ, ਉਹਨਾਂ ਦਾ ਸੰਸਕਾਰ ਗੜ੍ਹਦੀਵਾਲਾ ਕੀਤਾ ਗਿਆ ਅਤੇ ਫੁੱਲ ਪਿੰਡ ਭੱਟੀਆਂ ਵਿੱਚ ਲਿਆਕੇ ਨਿਸ਼ਾਨ ਸਾਹਿਬ ਦੇ ਥੜੇ ਵਿੱਚ ਸੁਰੱਖਿਅਤ ਰਖੇ ਗਏ ਹਨ। ਇਸ ਤੋਂ ਬਿਨਾਂ ਉਹਨਾਂ ਦਾ ਪਲੰਘ, ਯਾਦਗਾਰੀ ਤਸਵੀਰ, ਹੱਥ ਵਿੱਚ ਪਕੜਨ ਵਾਲਾ ਤੀਰ, ਸੀਸ ਤੇ ਜੋ ਦਸਤਾਰੇ ਤੇ ਚੱਕਰ ਸਜਾਉਂਦੇ ਸਨ, ਉਹ ਸੰਭਾਲ ਕੇ ਰਖੇ ਹੋਏ ਹਨ।

ਉਸ ਸਮੇਂ ਸ੍ਰੀ ਭੈਣੀ ਸਾਹਿਬ ਸਤਿਗੁਰੂ ਹਰੀ ਸਿੰਘ ਜੀ ਜੋਤੀ ਜੋਤਿ ਸਮਾ ਚੁਕੇ ਸਨ ਅਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਸ੍ਰੀ ਭੈਣੀ ਸਾਹਿਬ ਵਿੱਚ ਪਹਿਰਾ ਹੋ ਚੁੱਕਾ ਸੀ। ਅਟਲ ਪ੍ਰਤਾਪੀ ਸਤਿਗੁਰੂ ਜੀ ਨੇ ਵੀ ਸੰਤਾਂ ਦੇ ਦਰਸ਼ਨ ਕੀਤੇ ਸਨ। ਉਹਨਾਂ ਦੇ ਉਪਦੇਸ਼ਾਂ ਵਿੱਚ ਸੰਤਾਂ ਦਾ ਜ਼ਿਕਰ ਆਇਆ ਹੈ। ਬਾਅਦ ਵਿੱਚ ਸਤਿਗੁਰੂ ਜਗਜੀਤ ਸਿੰਘ ਜੀ ਵੀ ਚਰਨ ਪਉਂਦੇ ਰਹੇ। ਭਵਿਖ ਵਿੱਚ ਬਾਬਾ ਜੀ ਬਾਰੇ ਇਕ ਯਾਦਗਾਰੀ ਪੁਸਤਕ ਤਿਆਰ ਕਰਨ ਦੀ ਯੋਜਨਾ ਹੈ ਜੇਕਰ ਕਿਸੇ ਗੁਰਮੁਖ ਪਿਆਰੇ ਕੋਲ ਇਤਿਹਾਸਕ ਮੈਟਰ, ਕੋਈ ਸਾਖੀਆਂ ਹੋਣ ਤਾਂ ਮੇਰੇ ਤੱਕ ਪਹੁੰਚਾਉਣ ਦੀ ਕਿਰਪਾ ਕਰਨ, ਮੈਂ ਧੰਨਵਾਦੀ ਹੋਵਾਂਗਾ।

ਵਰਤਮਾਨ ਸਮੇਂ ਵਿੱਚ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਅਪਾਰ ਕਿਰਪਾ ਕੀਤੀ ਹੈ, ਲੰਬੀ ਜਦੋਂ ਜਹਿਦ ਬਾਅਦ ਦੀਵਾਨੀ ਮੁਕਦਮਾ ਜਿਤ ਕੇ ਡੇਰੇ (ਗੜ੍ਹਦੀਵਾਲਾ) ਵਿਖੇ ਜੰਗਲ ਵਿੱਚ ਮੰਗਲ ਕਰ ਦਿੱਤਾ ਹੈ, ਸੋਧ ਦੀ ਅਖੰਡ ਵਰਨੀ ਚਲਾ ਦਿੱਤੀ ਹੈ। ਐਤਵਾਰ ਵਿਸ਼ੇਸ਼ ਦੀਵਾਨ ਲਗ ਰਹੇ ਹਨ, ਦੂਰ ਦੁਰਾਡੇ ਤੋਂ ਸੰਗਤਾਂ ਆ ਕੇ ਨਤਮਸਤਕ ਹੋ ਕੇ ਜਨਮ ਸਫ਼ਲਾ ਕਰ ਰਹੀਆਂ ਹਨ।

..................................................

# ਬੀਤੇ ਦੀਆਂ ਪੈੜਾਂ



**(ਅਣਛਪਿਆ-ਭਾਗ)**

**(ਪਿਛਲੇ ਅੰਕ ਤੋਂ ਅੱਗੇ)**

**ਪ੍ਰੀਤਮ ਸਿੰਘ ਕਵੀ**

**1 ਜਨਵਰੀ 1987, ਵੀਰਵਾਰ**
**ਨਵੀਂ ਦਿੱਲੀ**

**ਅਗਾਮੀ ਕਾਰਜ ਕਰਮ –** ਏਥੋਂ, ਫੋਨ ਵਾਰਤਾ ਜਾਂ ਜ਼ਬਾਨੀ ਗੱਲਬਾਤ ਤੋਂ ਆਗਲੇ ਪ੍ਰੋਗਰਾਮ ਦਾ ਪਤਾ ਲੱਗਾ ਉਸ ਅਨੁਸਾਰ ਸ੍ਰੀ ਸਤਿਗੁਰੂ ਜੀ ਹੇਠ ਲਿਖੇ ਅਨੁਸਾਰ ਦਰਸ਼ਨ ਦੇਣਗੇ :

| | | |
|---|---|---|
| 1 ਜਨਵਰੀ ਤੋਂ 4 ਤੱਕ | : | ਦਿੱਲੀ |
| 5 ਜਨਵਰੀ 1987 | : | ਸ੍ਰੀ ਭੈਣੀ ਸਾਹਿਬ |
| 6 ਜਨਵਰੀ 1987 | : | ਪਨਿਹਾਰੀ (ਸਿਰਸਾ) |
| 7, 8, 9 ਜਨਵਰੀ | : | 17-ਓ (ਰਾਜਸਥਾਨ) |
| 10 ਤੋਂ 15 ਜਨਵਰੀ | : | ਇਲਾਕਾ ਜੀਵਨ ਨਗਰ |
| 16 ਜਨਵਰੀ | : | ਸ੍ਰੀ ਭੈਣੀ ਸਾਹਿਬ |
| 17 ਜਨਵਰੀ | : | ਦਿੱਲੀ |
| 18 ਜਨਵਰੀ ਤੋਂ ਅੱਗੇ | : | ਨੈਰੋਬੀ ਅਫਰੀਕਾ |

ਨੈਰੋਬੀ ਦੇ ਦੌਰੇ ਬਾਬਤ ਬੀਬੀ ਨਰਿੰਦਰ ਕੌਰ ਕੱਲ੍ਹਾ ਨੇ ਸੂਤਰ ਦਿੱਤਾ ਕਿ ਅੱਸੂ ਦੇ ਮੇਲੇ ਸਮੇਂ ਸ੍ਰੀ ਭੈਣੀ ਸਾਹਿਬ ਆਏ ਨੈਰੋਬੀ ਵਾਲੇ ਸਿੰਘਾਂ ਨੇ ਨੈਰੋਬੀ ਦਰਸ਼ਨ ਦੇਣ ਲਈ ਬਿਨੈ ਕੀਤੀ ਸੀ। ਬੈਂਕੌਕ ਗਿਆਂ ਵੀ ਸ੍ਰੀ ਸਤਿਗੁਰੂ ਜੀ ਨੂੰ ਨਰੋਬੀਓਂ ਫ਼ੋਨ ਆਉਂਦੇ ਰਹਿੰਦੇ ਸਨ, ਦਰਸ਼ਨ ਦੇਣ ਵਾਸਤੇ।

**ਖਬਰੀਆਂ –** ਏਥੇ ਅੱਜ ਪੰ. ਗੋਪਾਲ ਸਿੰਘ ਵੀ ਮਿਲੇ ਕਮਜ਼ੋਰ ਜਿਹੀ ਸਿਹਤ ਨਾਲ। ਸ. ਸੁਰਿੰਦਰ ਸਿੰਘ ਲੁਧਿਆਣਾ ਤੇ ਸੰਤ ਗੁਲਜ਼ਾਰ ਸਿੰਘ ਦਮਦਮਾ ਵੀ ਨਜ਼ਰ ਪਏ।

ਸਮਾਂ ਵੇਖ ਅਤੇ ਲੁੜੀਂਦਿਆਂ ਵਿਅਕਤੀਆਂ ਕੋਲ ਬੈਠੇ ਜਾਣ ਮੈਂ ਦੀਨ ਦਿਆਲ ਜੀ ਨੂੰ ਅਰਜ਼ ਕੀਤੀ ਅੱਜ ਸੁਖਬੀਰ ਸਿੰਘ (ਮੇਰਾ ਛੋਟਾ ਲੜਕਾ) ਵਾਸਤੇ ਸਾਥ (ਪ੍ਰਭਜੋਤ ਸਪੁੱਤਰੀ ਸ. ਬਖਸ਼ੀਸ਼ ਸਿੰਘ (ਲਾਇਲਪੁਰੀ ਪਰਵਾਰ ਨਾਲ) ਦੀ ਗੱਲ ਆਪਣੇ ਵਲੋਂ ਪਰਵਾਨ ਕਰ ਲਈ ਹੈ ਪਰ ਆਪ ਜੀ ਦੀ ਆਗਿਆ ਦਾ ਹੱਕ ਰਾਖਵਾਂ ਰੱਖਿਆ ਹੋਇਆ ਹੈ। ਸਤਿਗੁਰੂ ਜੀ ਨੇ ਹੋਰ ਸਾਰੀ ਜਾਣਕਾਰੀ ਲਈ।

ਸ੍ਰੀ ਸਤਿਗੁਰੂ ਜੀ ਨੇ ਮੈਨੂੰ ਮਾਣ ਦਿੱਤਾ ਕਿ ਆਪ ਜੀ ਨੇ ਬੈਂਕੌਕ ਵਿਖੇ ਦੋ ਤਿੰਨ ਵਾਰ ਮੈਨੂੰ ਫ਼ੋਨ ਸੰਪਰਕ ਵਿੱਚ ਲੈਣ ਦੀ ਕੋਸ਼ਿਸ਼ ਕੀਤੀ, ਪਰ ਕੰਟੈਕਟ ਨਹੀਂ ਹੋ ਸਕਿਆ। ਦੀਨ ਦਿਆਲ ਜੀ ਨੇ ਸੰਤੋਖ ਸਿੰਘ ਸਾਜਨ ਦੇ ਲੜਕੇ ਅਮਰੀਕ ਸਿੰਘ ਦੇ ਥਾਈਲੈਂਡ ਵਿਆਹ ਦੇ ਵੇਰਵੇ ਦੇ ਕੇ, ਏਸੇ ਵਿਆਹ ਨੂੰ ਤੋੜਨ ਵਿੱਚ ਸਭ ਤੋਂ ਮੁੱਖ ਦੋਸ਼ੀ ਕੁੜੀ ਦੀ ਦਾਦੀ ਕੁਸ਼ੱਲਿਆ ਨੂੰ ਅਤੇ ਉਹਦੀ ਧੀ ਰਾਣੀ ਨੂੰ ਦੱਸਿਆ। ਸਤਿਗੁਰੂ ਜੀ ਦੱਸਿਆ ਕਿ ਲੜਕੀ ਦੀ ਕੋਸ਼ਿਸ਼ ਤਾਂ ਵਿਆਹ ਕਰਵਾਕੇ ਪਤੀ ਨਾਲ ਭਾਰਤ ਜਾਣ ਦੀ ਵੀ ਸੀ, ਪਰ ਇਹਨਾਂ ਮਾਵਾਂ ਧੀਆਂ ਨੇ ਲੜਕੀ ਨੂੰ ਵਰਗਲਣ ਵਿੱਚ ਹਾਲ ਦੀ ਘੜੀ ਸਫ਼ਲਤਾ ਪ੍ਰਾਪਤ ਕਰ ਲਈ।

**ਬਿਰਧ ਸੂਬਾ ਜੀ ਨੂੰ ਦਰਸ਼ਨ –** ਸ੍ਰੀ ਸਤਿਗੁਰੂ ਜੀ 2 ਵਜੇ ਮਨਚੰਦਾ ਘਰੋਂ ਤੁਰੇ ਤਾਂ ਅਜਮਲ ਖਾਂ ਰੋਡ ਤੇ ਪੱਛਮੀ ਇਲਾਕੇ ਵਿੱਚ ਬਿਹਾਰ ਪ੍ਰਾਂਤ ਦੇ ਸੂਬਾ ਸੇਵਾ ਸਿੰਘ ਜੀ ਪਟਨਾ ਦੀ ਬਿਰਧ ਅਤੇ ਕਮਜ਼ੋਰ ਕਾਇਆ ਨੂੰ ਦਰਸ਼ਨ ਦੇਣ ਹਿਤ ਪਧਾਰੇ। ਸਿੱਖ ਦਰਸ਼ਨ ਕਰਦਿਆਂ ਹੀ ਚਰਨਾਂ ਤੇ ਸਿਰ ਸੁੱਟ ਕੇ ਝੁਕਿਆ ਰਿਹਾ, ਪ੍ਰੇਮ ਵੱਸ ਵੈਰਾਗੀ ਹੋਇਆ ਰੋਈ ਜਾਵੇ। ਜਾਂ ਸੱਚੇ ਪਾਤਸ਼ਾਹ ਜੀ ਨੇ ਸੂਬਾ ਜੀ ਦਾ ਸਿਰ ਚਰਨਾਂ ਤੋਂ ਉਠਾਇਆ ਤਾਂ ਹੰਝੂ ਭਰੀਆਂ ਅੱਖਾਂ ਅਤੇ ਡਡੋਲਿਕੇ ਹੋਏ ਗਲੇ ਨਾਲ ਉਨ੍ਹਾਂ ਅਰਜ਼ ਕੀਤੀ : ਸੱਚੇ ਪਾਤਸ਼ਾਹ ਏਨੀ ਔੜ ਤਾਂ ਨਾ ਲਾਇਆ ਕਰੋ। ਦਰਸ਼ਨਾਂ ਨੂੰ ਤਾਂ ਜਿਵੇਂ ਜੁੱਗ ਹੀ ਹੋ ਗਏ ਹਨ। ਛੇਤੀ ਛੇਤੀ ਕਿਰਪਾ ਕਰਿਆ ਕਰੋ। ਰੁੱਖੜਾ ਕੰਧੀ ਉੱਤੇ ਹੈ। ਗੁਰੂ ਅਤੇ ਸਿੱਖ ਦਾ ਅਜਿਹਾ ਦ੍ਰਿਸ਼ ਵੇਖ ਕੇ ਭਾਰਤੀ ਸੰਸਕ੍ਰਿਤੀ ਵਿੱਚ ਗੁਰੂ ਸ਼ਿੱਸ਼ ਦੇ ਸਥਾਨ ਦਾ ਪਤਾ ਲੱਗਦਾ ਹੈ।

ਇਸ ਮੌਕੇ ਸੂਬਾ ਜੀ ਦਾ ਵੱਡਾ ਲੜਕਾ ਆਪ ਜੀ ਦੀ ਸੇਵਾ ਵਿੱਚ ਸੀ। ਫੇਰ ਜਦੋਂ ਸਤਿਗੁਰੂ ਜੀ ਨੇ ਸੂਬਾ ਜੀ ਦੀ ਸੁਖ ਸਾਂਦ ਜਾਣ ਲਈ ਤਾਂ ਇਹ ਵੀ ਸ੍ਰੀ ਹਜ਼ੂਰ ਨੂੰ ਦੱਸਿਆ ਗਿਆ ਕਿ ਸ. ਅਮਰ ਸਿੰਘ ਖਰਬੰਦਾ ਜਿਸਨੇ ਥਾਈਲੈਂਡ ਵਿੱਚੋਂ ਸਤੰਬਰ ਮਹੀਨੇ ਅੱਖਾਂ ਬਣਵਾਈਆਂ ਸਨ, ਦੋ ਹਫਤੇ ਦੀ ਰੌਸ਼ਨੀ ਬਾਅਦ ਫਿਰ ਅੱਖਾਂ ਗਵਾ ਬੈਠਾ। ਹੁਣ ਫੇਰ ਉਪਰੇਸ਼ਨ ਹਿੱਤ ਦਿੱਲੀ ਆਇਆ ਹੋਇਆ ਹੈ। ਏਥੇ ਉਸਨੂੰ ਉਪਰੇਸ਼ਨ ਦੁਆਰਾ ਕਿਸੇ ਹੋਰ ਦੀ ਨਵੀਂ ਅੱਖ ਲਗਵਾਈ ਜਾਣੀ ਹੈ।

ਇਸ ਸੱਜਣ ਨੇ ਭਾਰਤੋਂ ਭੱਜ ਥਾਈਲੈਂਡ ਦੇ ਇੱਕੋ ਇੱਕ ਸ਼ਰੋਮਣੀ ਆਈ ਸਪੈਸ਼ਲਿਸਟ (ਅੱਖ ਮਾਹਰ) ਦੀ ਓਟ ਲਈ ਸੀ। ਉਸ ਦਾ ਕਾਮਯਾਬ ਜਤਨ ਵੀ ਅਸਫ਼ਲ ਹੋ ਗਿਆ ਅਤੇ ਹੁਣ ਫਿਰ ਭਾਰਤੀ ਡਾਕਟਰਾਂ ਦੀ ਸ਼ਰਨ ਗ੍ਰਹਿਣ ਕਰਨੀ ਪਈ ਹੈ।

2.15 ਵਜੇ ਆਪ ਜੀ ਆਰਾਮ ਵਾਸਤੇ ਕੋਠੀ ਪਧਾਰੇ ਅਤੇ ਮੈਂ ਸ਼ਾਮ ਦੇ ਦੀਵਾਨ ਸਮੇਂ ਹਾਜ਼ਰ ਹੋਣ ਲਈ ਘਰ ਨੂੰ ਆ ਗਿਆ।

**ਧਰਮਸਾਲਾ ਰਮੇਸ਼ ਨਗਰ –** 5.30 ਸ਼ਾਮੀਂ ਮੈਂ ਅਤੇ ਸੁਪਤਨੀ ਨਾਮਧਾਰੀ ਧਰਮਸਾਲਾ ਰਮੇਸ਼ ਨਗਰ ਪਹੁੰਚੇ, ਜਿੱਥੇ ਸ੍ਰੀ ਸਤਿਗੁਰੂ ਜੀ ਗੋਲ ਅਤੇ ਫਿਰਦੇ ਹੋਏ ਸੁਨਹਿਰੀ ਉਛਾੜੇ ਚੰਦੋਏ ਹੇਠ ਆਸਣ ਸਸ਼ੋਭਤ ਸਨ। ਸੰਗਤ ਹੁਮ ਹੁਮਾ ਕੇ ਪੁੱਜੀ ਹੋਈ ਸੀ ਅਤੇ ਹਰ ਪਲ ਵਾਧਾ ਹੋ ਰਿਹਾ ਸੀ। ਨਾਮ ਸਿਮਰਨ ਜਾਰੀ ਸੀ। 6 ਵਜੇ ਭੋਗ ਪਿਆ ਤਾਂ ਉਸਤਾਦ ਹਰਭਜਨ ਸਿੰਘ, ਮੋਹਣ-ਸੁਖਦੇਵ-ਬਲਜੀਤ-ਸੁੱਖੀ (ਤਬਲਾ) ਹਰਦਿਆਲ ਸਿੰਘ (ਤਬਲਾ) ਦੁਆਰਾ ਮਨਮੋਹਕ ਕੀਤਰਨ ਹੋਇਆ : 'ਸਾਂਤਿ ਪਾਈ ਗੁਰ ਸਤਿਗੁਰ ਪੂਰੇ' ਅਤੇ 'ਬਿਖਿਅਨ ਸਿਉ ਕਾਹੇ ਲਪਟਿਓ' ਸ਼ਬਦਾਂ ਦਾ। ਦੂਰ ਦਰਾਜ਼ ਤੋਂ ਆਈ ਸੰਗਤ ਨਾਲ ਪ੍ਰਸਿੱਧ ਗਾਇਕ ਸ਼੍ਰੀ ਰਾਜਨ ਵੀ ਸਨ।

**ਰਵਿੰਦਰ ਸਿੰਘ ਗੁਲੂ ਸ਼ਾਗਿਰਦ –** ਰਾਜਨ ਨੂੰ ਮਨਚੰਦਾ ਨੇ ਘਰ ਵੀ ਬੁਲਾਇਆ ਸੀ। ਕਿਸੇ ਕਾਰਨ ਨ ਆ ਸਕੇ ਤਾਂ ਧਰਮਸਾਲਾ ਦੀਵਾਨ ਵਿੱਚ ਪਹੁੰਚੇ। ਦੀਵਾਨ ਦੀ ਸਮਾਪਤੀ ਤੇ ਧਰਮਸਾਲਾ ਹਾਲ ਦੇ ਨਾਲ ਉਪਰਲੇ ਸਤਿਗੁਰੂ ਜੀ ਲਈ ਸੁਸਜਿਤ ਕਮਰੇ ਵਿੱਚ ਸ਼੍ਰੀ ਰਾਜਨ ਸਮੇਤ ਅਸੀਂ ਕੋਈ 15-16 ਸਰੀਰ ਗੁਰੂ ਜੀ ਦੀ ਹਜ਼ੂਰੀ ਵਿੱਚ ਪੁੱਜੇ। ਏਥੇ ਸ. ਗੁਰਬਚਨ ਸਿੰਘ ਨਾਗੀ-ਜੀਤੋ ਬਟਾਲੇ ਸ਼ੂਗਰ ਮਿੱਲਜ਼ ਚੀਫ ਇੰਜੀਨੀਅਰ ਦਾ ਲੜਕਾ ਗੁਲੂ ਪੂਰਾ ਨਾਂ ਰਾਜਿੰਦਰ ਸਿੰਘ? (29) ਸ਼੍ਰੀ ਰਾਜਨ ਦਾ ਸੰਗੀਤ ਸਿੱਖਣ ਲਈ ਸ਼ਾਗਿਰਦ ਬੈਠਾਇਆ। ਸਤਿਗੁਰੂ ਜੀ ਨੇ ਸ਼੍ਰੀ ਰਾਜਨ ਨੂੰ ਦੱਸਿਆ : ਗੁਲੂ ਇੰਜੀਨੀਅਰ ਹੈ। ਬਹੁਤ ਹੀ ਵਧੀਆ ਫੁੱਟਬਾਲ ਖੇਡਦਾ ਹੈ ਅਤੇ ਗਾਉਂਦਾ ਵੀ ਸੁਰ ਲੈਅ ਵਿੱਚ ਹੈ। ਰਿਕਾਰਡ ਸੁਣ ਸੁਣ ਕੇ ਉਹ ਏਨੇ ਵਧੀਆ ਭਜਨ ਗਾ ਲੈਂਦਾ ਹੈ ਕਿ ਨਕਲ ਜਾਪਦੀ ਹੀ ਨਹੀਂ। ਇਸਨੂੰ ਤੁਹਾਡਾ ਸ਼ਾਗਿਰਦ ਬੈਠਾਣਾ ਹੈ।

ਸਤਿਗੁਰੂ ਜੀ ਨੇ ਸ਼੍ਰੀ ਰਾਜਨ ਦਾ ਪ੍ਰੋਗਰਾਮ ਪੁੱਛਿਆ। ਇਸਦੇ ਸ਼ਾਗਿਰਦ ਨਾਮਧਾਰੀ ਮੋਹਣ ਸਿੰਘ-ਸੁਖਦੇਵ ਸਿੰਘ ਸਾਂਗ ਐਂਡ ਡਰਾਮਾ ਡਵੀਜ਼ਨ ਦੇ ਵੋਕਲ (ਕੰਠ) ਮੁਕਾਬਲਿਆਂ ਵਿੱਚ ਭਾਗ ਲੈ ਰਹੇ ਹਨ। 6-1-87 ਨੂੰ, ਇਸ ਤੋਂ ਨਵ ਗਾਇਕਾਂ ਲਈ ਵਜ਼ੀਫਾ ਨਿਸਚਿਤ ਹੋ ਜਾਵੇਗਾ।

6.30 ਵਜੇ ਸ੍ਰੀ ਸਤਿਗੁਰੂ ਜੀ ਦੀ ਆਗਿਆ ਨਾਲ, ਸ. ਮਹਿੰਦਰ ਸਿੰਘ ਪਾਲ ਨੇ ਤਨਜ਼ਾਨੀਆਂ ਅਤੇ ਦਿੱਲੀ ਦੀਆਂ ਚੋਣਵੀਆਂ ਹਸਤੀਆਂ ਦੇ ਹੁੰਦਿਆਂ, ਇੱਕ ਵਰਕ ਲੱਗੇ ਫਲਾਂ ਦਾ ਮੋਮੀ ਕਾਗਜ਼ ਨਾਲ ਬੰਦ ਕੀਤਾ ਟੋਕਰਾ, ਪਤਾਸਿਆਂ ਦਾ ਥਾਲ ਅਤੇ 1100/- ਨਕਦ (ਸਾਰਾ ਸਮਾਨ ਤੇ ਰਕਮ ਗੁਰੂ ਘਰੋਂ) ਮੱਥਾ ਟਿਕਵਾ ਕੇ ਪੂਰਬਾ ਦੁਆਰਾ ਅਰਦਾਸ ਕਰਵਾਕੇ ਰਾਜਿੰਦਰ ਸਿੰਘ ਨੂੰ ਰਾਜਨ ਜੀ ਦਾ ਸ਼ਾਗਿਰਦ ਬੈਠਾ ਦਿੱਤਾ ਗਿਆ। ਨਾਗੀ ਅੱਜ ਕਲ੍ਹ ਹੈਦਰਾਬਾਦ ਵਿੱਚ ਮਕੈਨੀਕਲ ਇੰਜੀਨੀਅਰ ਹੈ।

ਸਤਿਗੁਰੂ ਜੀ ਨੇ ਏਥੇ ਨਿੱਤ ਦੇ 20 ਮਿੰਟ ਦਿੱਤੇ। ਰਾਜਿੰਦਰ ਤੋਂ ਇੱਕ ਭਜਨ ਸੁਣਿਆ ਅਤੇ ਫਿਰ ਰਾਜਨ ਮਿਸ਼ਰਾ

ਰਾਹੀਂ ਯਮਨ ਦੀਆਂ ਸੁਰਾਂ ਉਸਦੇ ਅੱਗੇ ਲੱਗ ਕੇ ਭਰਵਾਕੇ ਉਸ ਤੋਂ ਉਹੋ ਸੁਰਾਂ ਪਿੱਛੇ ਪਿੱਛੇ ਗਵਾਈਆਂ। ਇਸ ਮੌਕੇ ਕੋਲ ਇੱਕ ਟੇਪ ਰਿਕਾਰਡਰ ਪਈ ਸੀ। ਟੇਪ ਕੀਤੀਆਂ ਸੁਰਾਂ ਨੂੰ ਨਾਗੀ ਨੇ ਧਿਆਨ ਪੂਰਵਕ ਸੁਣ ਵਜਾ ਕੇ, ਫੇਰ ਦੀ ਮਿਲਣੀ ਤੇ ਸੁਨਾਣਾ ਹੈ। ਇਸ ਮੌਕੇ ਮੋਹਣ-ਸੁਖਦੇਵ ਨੂੰ ਰਾਜਿੰਦਰ ਦੀ ਅਗਵਾਈ ਕਰਨ ਲਈ ਕਿਹਾ ਗਿਆ।

ਸ੍ਰੀ ਸਤਿਗੁਰੂ ਜੀ ਨੇ ਮੈਨੂੰ ਦੱਸਿਆ ਕਿ ਰਾਜਨ ਕਹਿੰਦਾ ਹੈ ਹੁਣ ਕਦੇ ਮਿਲ ਕੇ ਬੈਠਿਆਂ ਨੂੰ ਚਿਰ ਹੋ ਗਿਆ ਹੈ, ਸਮਾਂ ਕੱਢੀਏ। ਸਕੱਤਰ ਨਾਲ ਸਲਾਹ ਕਰਕੇ ਨੈਰੋਬੀ ਜਾਣ ਤੋਂ ਇੱਕ ਦਿਨ ਪਹਿਲਾਂ ਅਰਥਾਤ 16 ਜਨਵਰੀ ਦਾ ਦਿਨ ਰਾਜਨ-ਸਾਜਨ ਨਾਲ ਬੈਠਣ ਲਈ ਮੁਕੱਰਰ ਕੀਤਾ।

ਏਥੋਂ ਦੀਨ ਦਿਆਲ ਆਪਣੇ ਦਲ ਬਲ ਨਾਲ ਕੋਠੀ ਪਧਾਰੇ।

**ਭੈਣੀ ਸਾਹਿਬ ਵਿਕਾਸ ਸਮਿਤੀ ਦੀ ਬੈਠਕ –** ਸੰਤ ਬਲਵੰਤ ਸਿੰਘ ਬਾਲੀ ਨਗਰ ਨੂੰ ਪੱਕੀ ਕੀਤੀ ਗਈ ਕਿ ਉਹ ਸੰਤ ਹਰਭਜਨ ਸਿੰਘ ਔਰੰਗਾਬਾਦ ਅਤੇ ਸਮਿਤੀ ਦੇ ਦੂਜੇ ਮੈਂਬਰਾਂ ਨੂੰ ਭੈਣੀ ਸਾਹਿਬ ਵਿਖੇ 15-1-87 ਦੀ ਇਕੱਤਰਤਾ ਦੀਆਂ ਚਿੱਠੀਆਂ ਲਿਖਵਾਣ। ਸਤਿਗੁਰੂ ਜੀ ਇਸ ਵਿੱਚ ਦਰਸ਼ਨ ਦੇਣਗੇ।

ਡਾ. ਮੂਸਾ ਨੇ ਦਿਨੇ ਸੁਰਿੰਦਰ ਸਿੰਘ ਮਨਚੰਦਾ ਦੇ ਘਰੋਂ ਨਿਕਲਦਿਆਂ ਖਲੇ ਖਲੋਤੇ ਮੀਟਿੰਗ ਕਰ ਲਈ ਸੀ, ਜਿਸ ਵਿੱਚ ਨਵੇਂ ਆਏ ਨਾਮਧਾਰੀ ਰੋਗੀਆਂ ਤੇ ਪੁਰਾਣੇ ਕੇਸਾਂ ਤੇ ਵਿਚਾਰ ਕਰ ਲਈ ਗਈ। ਬੀਬੀ ਪ੍ਰਕਾਸ਼ ਕੋਰ ਸੁਪਤਨੀ ਸੰਤ ਮੇਹਰ ਸਿੰਘ ਕਾਨਪੁਰੀ (ਸੁਵਰਗਵਾਸੀ) ਨੂੰ ਅੰਗਜ਼ੀਮਾ ਨਿਵਾਰਨ ਲਈ ਸੱਦਿਆ ਗਿਆ ਸੀ।

ਪੂਰਬੇ ਤੋਂ ਪਤਾ ਲੱਗਾ ਕਿ ਭੈਣੀ ਸਾਹਿਬ ਜਾਂਦਿਆਂ ਹੀ 20,000/- ਦਾ ਖਰਚਾ ਹੈ ਪਰ ਰਕਮ ਪਾਸ ਹੈ ਨਹੀਂ। ਦਿੱਲੀਓਂ ਹੀ ਕਿਸੇ ਤਰ੍ਹਾਂ ਜੁਟਾਣੀ ਹੈ।

ਨਾਮਧਾਰੀ ਸਿੰਘਾਂ ਦੇ ਘਰੀਂ, ਉਹਨਾਂ ਦੀਆਂ ਬੇਨਤੀਆਂ ਤੇ, ਚਰਨ ਪਾਉਂਦਿਆਂ, ਪਾਠ ਭੋਗ ਵਾਰਾਂ, ਦੀਵਾਨਾਂ ਆਦਿ ਦੇ ਦਿਨ ਨਿਸ਼ਚਿਤ ਹੁੰਦੇ ਹਵਾਂਦਿਆਂ ਸਤਿਗੁਰੂ ਜੀ ਦਾ ਦਿਨ ਬੀਤਿਆ।

## 2 ਜਨਵਰੀ 1987, ਸ਼ੁੱਕਰਵਾਰ
## ਨਵੀਂ ਦਿੱਲੀ

**ਕੌਣ ਕੌਣ ਆਏ –** ਸੱਚੇ ਪਾਤਸ਼ਾਹ ਜੀ ਨੇ ਆਸਾ ਦੀ ਵਾਰ ਦਾ ਕੀਰਤਨ, ਸਾਧ ਸੰਗਤ ਨੂੰ ਦਰਸ਼ਨ ਦਿੰਦਿਆਂ ਰਮੇਸ਼ ਨਗਰ ਨਾਮਧਾਰੀ ਧਰਮਸਾਲਾ ਵਿਖੇ ਸਰਵਣ ਕੀਤਾ।

ਅੱਜ ਸਵੇਰ ਦਾ ਸਮਾਂ ਸਾਧ ਸੰਗਤ ਦੇ ਘਰੀਂ ਚਰਨ ਪਾਉਂਦਿਆਂ ਬੀਤਿਆ। ਮੈਂ 9.30 ਵਜੇ ਪੂਸਾ ਰੋਡ ਕੋਠੀ ਪੁੱਜਾ ਤਾਂ ਸਤਿਗੁਰੂ ਜੀ ਏਥੇ ਨਹੀਂ ਸਨ। ਮਹਾਰਾਜ ਬੀਰ ਸਿੰਘ ਜੀ, ਪੰਥ ਰਤਨ ਮੁਸੱਵਰ ਵਰਿਆਮ ਸਿੰਘ ਜੀ, ਸ, ਮਹਿੰਦਰ ਸਿੰਘ ਬੱਲ, ਚੇਅਰਮੈਨ ਸ. ਹਰਮੀਤ ਸਿੰਘ, ਸੰਤ ਪ੍ਰੀਤਮ ਸਿੰਘ ਡਰਾਈਵਰ, ਸ਼੍ਰੀ ਸੁਖਦੇਵ ਸਿੰਘ ਸੁੱਖੀ, ਮੰਡੀ ਤੋਂ ਬੀਬੀ ਹਰਭਜਨ ਕੌਰ, ਸ. ਪ੍ਰਿਥੀਪਾਲ ਸਿੰਘ ਲੁਧਿਆਣਾ, ਸੰਤ ਗੁਰਭੇਜ ਸਿੰਘ ਅਤੇ ਉਹਦੇ ਮਾਤਾ ਪਿਤਾ, ਪਤਨੀ ਤੇ ਬੱਚੇ, ਇਸਦਾ ਭਰਾ ਮਹਿੰਦਰ ਸਿੰਘ ਤੇ ਉਹਦੀ ਪਤਨੀ ਅਤੇ ਹੋਰ ਕਈ ਨਾਵਾਕਫ਼ ਸਰੀਰ ਉਡੀਕ ਵਿੱਚ ਫਿਰਦੇ ਵੇਖੇ।

**ਥਾਈ ਲੋਕਾਂ ਵਿੱਚ ਸਿੱਖੀ –** ਇੱਕ ਗੱਲ ਕੱਲ੍ਹ ਦੀ ਯਾਦ ਆਈ ਹੈ। ਸ੍ਰੀ ਸਤਿਗੁਰੂ ਜੀ ਦੇ ਮਨਚੰਦਾ ਦੇ ਘਰ ਹੁੰਦਿਆਂ ਉਸ ਦੇ ਵੱਡੇ ਪਰਦੇ ਵਾਲੀ ਟੀ. ਵੀ ਤੇ ਕੁਛ ਤਸਵੀਰਾਂ ਉਭਰਨ ਲੱਗੀਆਂ। ਸੱਚੇ ਪਾਤਸ਼ਾਹ ਜੀ ਨੇ ਮੈਨੂੰ ਤਕਾਕੇ ਦੱਸਿਆ : ਇਸ ਵਾਰ ਬੈਂਕੋਕ ਗਿਆਂ 20 ਦੇ ਕਰੀਬ ਥਾਈ ਮੂਲ ਦੇ ਵਿਅਕਤੀ ਸਿੰਘ ਸਜੇ ਹਨ। ਮਾਸ ਸ਼ਰਾਬ, ਮੱਛੀ ਅੰਡਾ ਛੱਡ ਕੇ ਪੂਰਨ ਵੈਸ਼ਣਵ ਬਣ ਗਏ ਹਨ। ਉਨ੍ਹਾਂ ਨੇ ਵੇਸ਼ਭੂਸ਼ਾ ਵੀ ਨਾਮਧਾਰੀਆਂ ਵਾਲੀ ਅਪਨਾ ਲਈ ਹੈ। ਭਜਨ ਪੁੱਛ ਕੇ ਅਜਿਹੇ ਦ੍ਰਿੜਤਾ ਭਰੇ ਬਣ ਗਏ ਹਨ ਕਿ ਡਾਕਟਰ ਉਨ੍ਹਾਂ ਨੂੰ ਮਾਸ ਸ਼ਰਾਬ ਆਦਿ ਨਾਲ ਦਵਾਈਆਂ ਦੱਸਦੇ ਹਨ ਤਾਂ ਉਹ ਉਹਨਾਂ ਦਵਾਈਆਂ ਤੋਂ ਇਨਕਾਰ ਕਰਦੇ ਹਨ, ਕਹਿੰਦੇ ਹਨ ਉਹ ਦਵਾਈ ਦਿਓ ਜਿਸ ਨਾਲ ਮੀਟ, ਅੰਡੇ, ਸ਼ਰਾਬ ਆਦਿ ਦੀ ਲੋੜ ਨ ਪਏ।

ਸਤਿਗੁਰੂ ਜੀ ਬਚਨ ਕੀਤਾ : ਥਾਈ ਮੂਲ ਦੇ ਸਿੱਖ ਕਹਿੰਦੇ ਹਨ, ਅਸੀਂ ਪੰਜਾਬੀ ਪੜ੍ਹਾਂਗੇ, ਬਾਣੀ ਪੜ੍ਹਨ ਸਿੱਖਾਂਗੇ। ਇਹ ਸਾਰਾ ਉੱਦਮ ਮਹਿੰਦਰ ਸਿੰਘ ਅੰਮ੍ਰਿਤਸਰੀਏ ਦਾ ਹੈ। ਉਹ ਜਿਨ੍ਹਾਂ ਥਾਈਆਂ ਨਾਲ ਕਾਰੋਬਾਰੀ ਸਾਂਝ ਰੱਖਦਾ ਹੈ, ਉਹਨਾਂ ਵਿੱਚ ਸਿੱਖੀ ਦੇ ਬੀਜ ਵੀ ਬੀਜਦਾ ਚਲਾ ਜਾਂਦਾ ਹੈ।

**ਚਲਦਾ....**

# His Holiness Sri Satguru Jagjit Singh Ji

## An Eminent exponent and Patron of Music



**Taranjit Singh**
**98200-54210**

**ਰਾਗੁ ਨਾਦੁ ਸਭੁ ਸਚੁ ਹੈ ਕੀਮਤਿ ਕਹੀ ਨ ਜਾਇ॥**
raag naad sabh sach hai
keemat kahee na jaa-ay.
The melodies through which one is able to
imbibe the Guru's word are all true.
One cannot estimate their true worth

**ਰਾਗੈ ਨਾਦੈ ਬਾਹਰਾ ਇਨੀ ਹੁਕਮੁ ਨ ਬੂਝਿਆ ਜਾਇ॥**
raagai naadai baahraa inee
hukam na boojhi-aa jaa-ay.
The Lord is beyond melodies and airs...
However it is only through music that one
can understand His will

The above quotes by Guru Ram Das Ji, the fourth Sikh Satguru (True Master) describe the very essence of the life and times of His Holiness Satguru Jagjit Singh Ji's, the fifteenth Supreme Spiritual Master of the Namdhari Sikhs. Music pervaded all His actions and a moment spent in His august presence would be pure bliss. It was as if music had descended upon earth in a human form to invigorate and motivate us, to show us the path that leads to the Supreme Lord.

Inheritor of this beautiful legacy of the Sikh Gurus and Seers - Satguru Jagjit Singh Ji was born into the Guru family of Satguru Pratap Singh Ji and Mata Bhupinder Kaur on the 22$^{nd}$ of November 1920 at *Sri Bhaini Sahib*, under the colonial British rule. *Satguru Ram Singh Ji*, the twelfth Master of the Namdhari Sikhs and the architect of the *Kooka Movement* was His granduncle and the thirteenth Master Satguru Hari Singh Ji, His grand father.

During the times of Satguru Ram Singh Ji, Sikh devotional music had became a medium of propagation in India's struggle for independence from the British during the first non-violent, non-cooperation movement. Fearing the outbreak of a national rebellion the British in January 1872 resorted to quelling the *Kooka Movement* by not only blowing up 66 Kookas at Malerkotla, but also deporting Satguru Ram Singh Ji and declaring Sri Bhaini Sahib a prison.

However despite the trying times the musical journey attained ascendancy under the benevolence of Satguru Hari Singh Ji and then Satguru Partap Singh Ji. The early 1900s saw renewed efforts to safeguard not only the traditions of Sikh devotional music but also those of the Indian Classical Music. Every morning during the ambrosial hours as well as in the evenings Sri Bhaini Sahib would

reverberate with the eclectic sounds of *Gurbani* (devotional hymns) sung by Satguru Pratap Singh Ji and several pairs of hymn singers. A keen learner Satguru Ji imbibed this music while continuing to learn various languages, poetry, carpentry and gardening at the Gurmat Vidyalaya (school). Music was soon be added to the curriculum in 1928 with the arrival of *Ustad Harnam Singh Ji* from *Chavinda* at Sri Bhaini Sahib. He was soon joined by the famed *Rababi - Bhai Taba* (Rebeck Singer / Player) of Amritsar, who would teach the students several traditional *Gurbani* (hymn) compositions of Dhrupad sung at the Guru's court at the Golden Temple. To teach the rhythmic cycles of the tabla Satguru Pratap Singh Ji invited *Bhai Naseer*, disciple of the famous Tabla Maestro of the Punjab Gharana – *Mian Kadar Baksh* to the Vidyalaya (school). The melodious sound of Dilruba was soon added to the growing repertoire of Sri Bhaini Sahib when Satguru Pratap Singh Ji along with the nine-year-old Satguru Jagjit Singh Ji together became disciples of *Bhai Mastan Singh* of Patiala.

Indian classical music and Sikh devotional music share a unique relationship. The Aad Guru Granth Sahib, the collation of the teachings of the Sikh Satguru's, Muslim and Hindu holy men, Bards and hymn singers is metered and classified with various *Indian Classical Ragas*, it is an unequivocal literary and musical scripture that imbibes the grace and the tranquil of both the forms of music. The knowledge of Indian classical music is thus imperative. The *Talwandi Gharana* of Indian classical music had evolved as a Dhrupad school of singing where in the performance was considered as offering to the Lord. The compositions were an amalgamation of both Muslim and Hindu spiritual themes. The *Gharana* style had very fast concluding portions of the *Alaap* and several compositions had highly complex rhythmic variations. The singing of *Gurbani* in Dhrupad was known to invigorate and accentuate one's feeling of oneness with the Lord. To incorporate the same note worthy efforts were made to get Ustad Rahim Baksh, a well known practitioner of the Talwandi Gharana from Rampur village to come and teach students at Sri Bhaini Sahib. The experiment however didn't last long. As providence would have it, Ustad Rahim Baksh's father Ustad Udo Khan contracted severe diarrhea and despite best efforts continued to lose health. Satguru Pratap Singh Ji with his benevolence had him brought to Sri Bhaini Sahib where he was treated successfully. Post his recovery Ustad Udo Khan continued to stay at Sri Bhaini Sahib and taught over three hundred *Dhrupad* compositions to the eager students. During the same period Satguru Ji also learnt to play the *Tarab* on the Dilruba (playing the Dilruba by plucking the strings and creating a sound similar to the Santoor) from Ustad Harnam Singh Ji.

The already packed day would also be spent learning and reciting *Gurbani* unerringly by heart, listening ardently to the tales and folklores of the Sikh Gurus, imbibing not only their spiritual values and tenets but also developing a deep knowledge and keen understanding of the cultural ethos of Punjab

as well as India. Satguru Ji's incessant ardor for sports, rearing horses and tending to the cattle would soon lead to Satguru Ji being known as *'Beant Ji – the One with no limits'*.

With the advent of the fourties, political strife engulfed the world and India. Post World War II when the British realized that they could no longer continue to rule India, they decided to partition it on religious grounds. However Satguru Partap Singh Ji had already anticipated it. During partition Satguru Ji himself along with his elder son Satguru Jagjit Singh Ji saved several people caught in the cross fire of communal riots in Pakistan and brought them safely across the border to India. Adhering to the basic principle of Sikhism –

"Welfare of All", hordes of Muslim caravans traveling from India to Pakistan were served food and transferred across the border safely.

The communally charged environment also cast its dark shadow on the tradition of devotional as well as Indian classical music. The Golden Temple lost several of its Muslim Rebeck players and singers. The Talwandi as well as the Punjab Gharanas split leaving the very ethos of culture and civilization lost. Satguru Pratap Singh Ji's prudence and fore sight in grooming Satguru Jagjit Singh Ji stood Him in good stead when upon being entrusted with the rehabilitation of the community reeling from the impact of partition, Satguru Jagjit Singh Ji would tirelessly work with the refugees and become the pivot around the development of the *Sirsa* region (where most of the Namdhari refugees settled). It is a tribute and unequivocal praise to Satguru Jagjit Singh Ji's efforts that the cultivation of land of almost 20 villages was shared. The sowing, tilling and harvesting of the same becoming a role model of Unity in itself, showing the world what good faith and trust could do.

It was thus that Sri Satguru Jagjit Singh Ji spent the first 39 years of his life as a Guru Sikh, following the path of his father, Sri Satguru Partap Singh Ji, arduously, never once questioning, through pain and effort, never even once letting anyone feel that he was the son of the Guru, thus earning even the praise of his father, Sri Satguru Partap Singh Ji, who once in a moment of emotion said to him "*Son, you are not only my son but my friend too*".

It was as if destiny beckoned and the magnificent sun set, on the night of 21st – 22nd August 1959 AD, Satguru Partap Singh Ji passed away at Sri Bhaini Sahib. Adhering to the wishes of his father and honoring the trust placed in him, Satguru Ji assumed his place as His Holiness Sri Satguru Jagjit Singh Ji. It would be from this very epicenter that history would witness the growth and progress of the Namdharis and the fulfillment of the dreams of Sri Satguru Partap Singh Ji.

The dawn of the sixties saw the emergence of an ambitious new generation. Industrialization and international trade were blurring geographical boundaries. Western music and pop culture entered mainstream India. The waning popularity of traditional Sikh devotional and Indian Classical Music demanded a new approach. Satguru Ji with his gift for spotting talent started to connect with

the younger generation. With his magnetic personality and aura Satguru Ji was able to draw and motivate Namdhari youth from across the world, channelizing their energies towards their personal as well as the overall betterment of the community. The foundation for the Namdhari Vidyak Jathas both for the Men and Women (The Young Men and Women Associations of Namdhari Youth) was laid in 1965. Youth from all walks of life were counseled and an effort was made to create a spiritually strong, culturally vibrant and economical resilient community. The goal was to create illustrious community members who would go onto lead the community in all spheres, whether it be Agriculture, Music, Business, Politics, Sports etc.

On the musical front, following in the footsteps of His father Satguru Pratap Singh Ji, Satguru Ji appointed his younger brother Maharaj Bir Singh Ji ( a maestro of the Pakhawaj in his own right) along with another classmate from the Gurmat Vidyalaya - Seth Chandrahas and Pt Mahadev Pershad 'Kathak' from Amritsar along with his son K Mahaveer to teach students music at Jivan Nagar, Sirsa. Despite a grueling travel schedule Satguru Ji would make it a point to conduct and participate in Music sittings every evening whenever He was in town. This would go on to become a habitual thing all His life. While the style of singing continued to be *Dhrupad*, Satguru Ji was keen to explore new forms and started to push the envelope when in the late sixties he added the *Tihai* to His singing and playing. (Three equal repetitions of a rhythmic pattern or rhythmo-melodic pattern, interspersed with two (usually) equal rests). In times to come this would also become a trademark in Satguru Ji's singing as well as instrumentation.

Satguru Ji with His far sightedness not only sought out students but Maestros as well, who would then teach His students. An incident in reference, which has the trademark of Satguru Ji written all over it is when in 1966 Satguru Ji sought out *Sarod* maestro Ustad Amjad Ali Khan. The late evening music sitting ended in a life long association, the sound of the *Sarod* would soon be beaded into Satguru Ji's music and students would proliferate the art within the Namdhari community.

The seventies saw the advent of the Satguru Pratap Singh Ji Memorial Concerts and with it several music maestros were drawn towards the eclectic personality of Satguru Ji. Ustad Bismillah Khan, Ustad Allarakha Khan, Ustad Vilayat Khan, Pt Jasraj, Pt Ram Narayan, Pt Shiv Kumar Sharma, Pt Hari Prasad Chaurasia, Pt Shanta Prasad, Pt Kishan Maharaj, Pt Birju Maharaj and several others. The music concerts were forums not just for the maestros but a platform for the upcoming to not only showcase their talent but also gain Satguru Ji's blessings. A great patron of music, Satguru Ji's benevolence came to the fore when in 1973 post a performance at the Satguru Pratap Singh Music Concert, Satguru Ji sought out Pt. Rajan - Pt Sajan Mishra, and motivated them to take up Indian classical singing as their career, even offering them a stipend until they established themselves as artists of great repute. In the

words of Ustad Amjad Ali Khan, *Satguru Ji was perhaps the only one who thought about scholarships for maestros, teachers as well as students.*

It was perhaps Satguru Ji's vision as well as this unique relationship with maestros that several Namdhari students started training under almost every maestro who came in touch with Satguru Ji. His benevolence was not limited to just the Namdharis, talented youth who expressed keen interest in learning music would not only be supported financially and otherwise but also sent to several maestros to train. Several maestros were invited to Sri Bhaini Sahib and music notes were exchanged with them during the special music *baithak* (sittings). Satguru Ji would Himself participate enthusiastically. The music sittings would also serve as an opportunity for the young students to showcase their talent to the maestros. In the words of Pandit Birju Maharaj, the renowned Kathak Maestro - *Satguru Ji's sittings would be like the courtroom of a King, where musicians from all streams performed in perfect harmony creating an ethereal environment*.

Whenever Satguru Ji sang *Gurbani* during the *Asa-di-Vaar* (morning prayers) in the ambrosial hours and *Gurbani Kirtan* during *the late afternoon congregations* it would be like music classes for the hymn singers as well as other participants. The sessions would be His canvas to compose new compositions in several *Raagas* as well as safeguard the ancient music of the Sikh Gurus. The tradition of *Gurmat Kirtan* witnessed the revival of its glorious past. The Dilruba replaced the harmonium*;* and traditional instruments like the *Sitar, Sarod, Sarangi, Santoor, Taar Shehnai* etc were added. Special impetus was paid to render and sing *Gurbani* in not only the composed *Raaga* but also with correct grammatical pronunciation of the same. A majority of the hymns composed were sourced from the *Aad Guru Granth Sahib*, however Satguru Ji would often compose and sing several compositions from the *Dasam Granth* as well - propagating the lyrical and poetic writings of Satguru Gobind Singh Ji. While the norm was to sing *Dhrupad* in *Jhap Taal, Chaar Taal, Dhamaar, Pancham Savari* etc Satguru Ji would compose and sing *Dhrupad* in nine, eleven, thirteen, seventeen, eighteen, nineteen and even twenty one beats. His use of tempos like 7¾, 10¾, $13^{7/8}$, 14½, 14¾ etc., in various compositions would astound both the Maestros as well as students alike. *In the words of Ustad Vilayat Khan – Sitar Maestro – Rhythm and Tempo reside in Satguru Ji's viens.*

*Dilruba* was his favorite instrument. Whenever Satguru Ji sang *Gurbani* and played the *Dilruba*, it was as if time would stop and one would attain a state of bliss; epitomizing both love and separation from the Lord. The rhythmic dance of the fingers playing the '*Tarab'* on the *Dilruba* would remind one of the various notes that Mother Nature has bestowed upon us. The playful manipulation of the beats as if orchestrating the rhythmic movement of the Universe. Satguru Ji would

enthrall the audience by playing ten even eleven beats in *teen taal*. His love for music would spill into the daily chores. Compositions were created and music flowed while traveling, in conversation, during a meeting, on the sports field and even during a meal – everywhere. Music was the Omni-present heartbeat that drew everyone close to Him.

A keen student of music Himself, Satguru Ji introduced the *Khayal* form of singing into *Gurbani Kirtan* during the eighties. Students were motivated to improvise and express emotion by adding *taans* and *sargams* into various *Gurbani* compositions. The flavor of the singing styles of various *Gharanas* under whom the students trained added yet another dimension to the music. While the focus had been primarily *Gurbani Kirtan* until then, the lack of students who knew the compositions from the Talwandi Gharana was a cause of concern. It was perhaps with this in mind that in 1982 Satguru Ji started teaching these compositions Himself to keen students. Successful students from the first batch of seventies were encouraged to take up teaching music at various Namdhari centers not only in India but also across the world including Thailand, UK, USA, Canada and Africa. Satguru Ji would continue to seek out young enthusiasts from across the world and initiate them personally into the world of music. Looking far ahead into the future Sri Satguru Ji prompted the training of girls from a very young age, encouraging and harnessing their talent. It was Satguru Ji's conviction that a mother who imbibed music would propagate the same within her children thus safeguarding the future of this great tradition.

His love and oneness with music would come to the fore once again when in July, 1992 Satguru Ji was diagnosed with a heart condition. Post a successful open-heart surgery in Australia Satguru Ji was advised rest. The forced musical hiatus did not dent His enthusiasm and He was often seen asking the Doctors as to when He could get back to singing. His joy knew no bounds when in mid October the restrictions were removed. The very same day Satguru Ji not only sang but also composed a new composition, starting off where He had left - enchanting one and all present. A sense of urgency crept into all efforts as if there was little time left.

The *Namdhari Kala Kendra* – A school of Music was started in Sri Bhaini Sahib to teach the young minds. A typical day would begin as early as 2:00 am, when the children would be woken up. Music classes would start by 3:00am. The school would reverberate with the sound of children singing, learning the Tabla, Sitar, Santoor, Dilruba etc., Surprise checks by Satguru Ji Himself would keep the teachers and students on their toes all throughout. Daybreak would be formal school and the children would be back in the afternoon at the *Kala Kendra*. The evening music sittings in the presence of Satguru Ji would be sought after and no student would want to miss it ever, for it was in these sittings that the benevolence of Satguru Ji flowed as music bound Him and His students together as one.

Propagating the tenets of the Sikh Gurus, Sri Satguru Ji initiated the research of various lost *Raagas* as stated in the *Aad Guru Granth Sahib*. Ancient traditional compositions like the *'Dhunis'* were revived and additional one's composed. Special attention was paid to the revival and restoration of ancient Indian classical instruments that were hitherto on their way to extinction and talented instrument makers were honored. Such was the fervor that whether it be day or night, whether He was in India or abroad, whenever Satguru Ji remembered a composition He would teach the student present immediately. In the words of Satguru Ji Himself – *A teacher also learns when he teaches and I am thankful that I got an opportunity to learn like this as well.*

In 1999 Sri Satguru Ji was awarded the *'Ustad Hafiz Ali Khan Sangeet Munishi Award'* by the *Sarod Gharana* of Gwalior under the stewardship of the renowned *Sarod* maestro Ustad Amjad Ali Khan. The Sangeet Natak Academy of India conferred the prestigious fellowship of the Tagore Ratan to Satguru Ji in 2012.

The dawn of the new millennia saw the Namdhari community grow from strength to strength under the benevolence and guidance of Satguru Jagjit Singh Ji. With sheer will, hard work and single minded dedication Satguru Jagjit Singh Ji fulfilled the long cherished dream of Satguru Pratap Singh Ji as the fragrance of music started to emancipate from every Sikh's child. Eight decades of hard work had borne fruit and the results could be seen in every hymn sung and every classical performance given. Students had grown to be maestros, teaching more, spreading the music of the Sikh Gurus, a distinct style had evolved, slowly but surely a new *Gharana* (house) of music had taken roots as an ode to Satguru Ji's efforts – The Namdhari Gharana. It was indeed His ardent love and respect for music and musicians alike that Satguru Jagjit Singh Ji came to be known as the greatest patron of Indian Classical and Sikh Devotional Music in the post independence era of India, where music imbibed and united everyone, every moment was a flourish and every journey musical.

It was as if destiny beckoned and as silence and calm enveloped Sri Bhaini Sahib, on the 13 December, 2012, the journey that carried everyone together with sheer passion and motivation, the journey that set the benchmark for generations to follow, the musical journey of sheer excellence, love and devotion, reached its final destination as Sri Satguru Ji Jagjit Singh Ji united with eternal light.

Like the music that reverberates long after the symphony has played its last note the legacy of *His Holiness Satguru Jagjit Singh Ji* continues to inspire and motivate every musician, music lover and enthusiast. The Namdhari Gharana of music continues its quest to spread the vision of Satguru Ji under the benevolent guidance of their present Supreme Spiritual master Satguru Uday Singh Ji.

..............................................

# A Saga Of
# Sri Satguru Jagjit Singh Ji



**Dr. Sharada Jayagovind**

Truly, this is the quality of an avatar purush to whom all living beings get drawn.

Patsha ji was fond of giving handfuls of boondi, jilebi, laddu and burfi as parsad to the people. Once, while distributing boondi, someone suggested to Patsha ji to dole out less so that there would be enough for all. Patsha ji, with a sense of humour, picked a grain of boondi and asked him:

"Is it enough?"

To everyone's amusement, Patsha ji would often hand over an extra jilebi or burfi to the tall and hefty among the devotees.

One of his aides narrates how Patsha ji used to walk so swiftly that it was difficult for others to match his pace. When the aide requested Patsha ji to slow down, Patsha ji took very small steps and walked at a snail's pace and the aide did not know how to follow him.

On another occasion, there was a discussion on learning music. Patsha ji said that only those who are dedicated and surrender themselves totally at the feet of the Guru can master this fine art.

He added that those who gave away pearls in charity in the previous birth would become great musicians. Then someone asked him:

"I cannot even appreciate music, what would I have given in charity?"

Patsha replied in a lighter vein:

"You must have given away donkeys."

Once a masseur from Thailand was serving Patsha ji. He used a lot of force while massaging. Patsha ji endured the pain and did not express any emotion. At the end of the session, purplecoloured bruise marks appeared on his body because of the excessive force applied by the masseur. The masseur asked Patsha ji:

"Was it painful?"

Patsha ji answered with a smile:

"It was. After all, it is a human body."

**IV**

From childhood, Patsha ji lived by a set of values and discipline was foremost among

them. All his life His Holiness strictly followed the maryada prescribed by Satguru Ram Singh ji. Even while travelling or abroad he would not relax the rules of conduct. Patsha ji would always use well water or fresh running water for cooking and drinking and kept the sodh. If necessary, in alien lands, he would not hesitate to make his disciples drive throughout the night to locate fresh running water, which Namdharis use for drinking and cooking as part of their maryada.

His Holiness said it is important to purify one's body, speech and mind if one has to realise the presence of God in one's life. Patsha ji attached great significance to silence. He advised the sangat to practise complete silence at least once a week and on Thursdays, he himself observed silence.

Satguru ji asked his disciples to speak less, eat less and sleep less as these are the steps which pave the way for fruitful sadhana. Patsha ji's words had great impact on his followers because he was a spiritual master who practised what he preached. His Holiness took a single meal a day for most of his life. After a major stroke, when doctors advised him to take a second meal, he reluctantly agreed to do so. Sattvic food such as a bowl of curds, sweetened lassi, fruits and vegetables, made up his meal. There was hardly any spice in his food. Whenever he visited the homes of the disciples he instructed them to provide simple vegetarian meals for everyone.

Sri Satguru Jagjit Singh ji lived by the directions prescribed in the following verse which he used to quote:

**ਅਲਪ ਅਹਾਰ ਸੁਲਾਪ ਸੀ ਨਿੰਦ੍ਰਾ ਦਯਾ ਛਿਮਾ ਤਨ ਪ੍ਰੀਤਿ॥**

Alapa Ahaar Sulaapa See Nindaraa Dayaa Chhimaa Tana Pareeti

Eat less and sleep little, generate compassion and forbearance in your heart

**ਸੀਲ ਸੰਤੋਖ ਸਦਾ ਨਿਰਬਾਹਿਬੋ ਹਵੈਬੋ ਤ੍ਰਿਗੁਣ ਅਤੀਤਿ॥**

Seel Saantokh Sadaa Nirabaahibo Havaibo Tarigun Ateeti

Profess pure conduct and patience always.

Patsha ji's austere style of living could be seen in the hard bamboo or wooden cot on which he slept in an 8x12 feet room. A thin cotton mattress with white sheets constituted his bed. The bed was so narrow that he could turn on it with great difficulty.

Patsha ji slept for a few hours and yet remained active and cheerful the whole day. Visiting the sangat all over the world, meeting people, attending conferences on peace, vegetarianism and other socially beneficial activities, he had little time to himself. He could integrate such a rigorous schedule of public life with long hours of music sessions, meditation and prayer.

Patsha ji practised and preached the importance of naam simran. He was constantly praying, working or pouring forth his soul into music. During jap paryogs which had to start at two in the morning, Patsha ji would get up at one o'clock, wash his body from head to toe and sit for long, uninterrupted, meditation. Even during the bitterest winters, he would not compromise on this discipline. When someone told him:

**To be continued......**

# ਕਾਵਿ-ਕਿਆਰੀ

## ਜਪੁ ਪ੍ਰਯੋਗ

**ਗੁਰਚਰਨ ਸਿੰਘ ਕਿਆਪੁਰੀਆ**

ਦਿਨ ਜਪੁ ਪ੍ਰਯੋਗ ਦੇ ਆਏ ਸੋਹਣੇ
ਰਲ ਮਿਲ ਖੁਸ਼ੀਆਂ ਨਾਲ ਮਨਾ ਲਈਏ।
ਹੁਕਮ ਆਇਆ ਹੈ ਸਤਿਗੁਰੂ ਉਦੇ ਸਿੰਘ ਦਾ
ਆਏ ਹੁਕਮ ਨੂੰ ਝੋਲੀ ਵਿੱਚ ਪਾ ਲਈਏ।
ਬਖਸ਼ਿਸ਼ ਮੰਗੀ ਸੀ ਬਖ਼ਸ਼ ਮਿਲ ਗਈ ਏ
ਮਿਲੀ ਬਖ਼ਸ਼ਿਸ਼ ਦਾ ਲਾਹਾ ਉਠਾ ਲਈਏ।
ਸਾਧ ਸੰਗਤ ਵਿਚ ਸੰਗਤ ਦਾ ਰੂਪ ਬਣ ਕੇ
ਬਿਰਤੀ ਗੁਰੂ ਦੇ ਚਰਨਾਂ 'ਚ ਲਾ ਲਈਏ।
ਨਾਮ ਜਪ ਕੇ ਆਸਾ ਦੀ ਵਾਰ ਸੁਣ ਕੇ
ਜੀਵਨ ਆਪਣਾ ਸਫ਼ਲ ਬਣਾ ਲਈਏ।
ਨਿੰਦਿਆ ਚੁਗਲੀ ਈਰਖਾ ਛੱਡ ਦੇਈਏ
ਪ੍ਰੇਮ ਪਿਆਰ ਮੁਹੱਬਤ ਵਧਾ ਲਈਏ।
ਇੱਜ਼ਤਮਾਨ ਸਤਿਕਾਰ ਹੋਏ ਦਿਲੋਂ ਸਭ ਦਾ
ਪਿਆਰ ਪਾਉ ਤੇ ਪਿਆਰ ਵਧਾ ਲਈਏ।
ਖਾਣਾ ਬਾਹਰ ਬਾਜ਼ਾਰ ਦਾ ਬੰਦ ਕਰਕੇ
ਘਰ ਬੈਠ ਕੇ ਖਾਣਾ ਖਾ ਲਈਏ।
ਤੰਦਰੁਸਤ ਤੇ ਸਦਾ ਖੁਸ਼ਹਾਲ ਰਹਿ ਕੇ
ਗੁਰੂ ਆਪਣੇ ਦਾ ਸ਼ੁਕਰ ਮਨਾ ਲਈਏ।
ਕਿਆਮਪੁਰੀਏ ਨੇ ਸੱਚੀ ਗੱਲ ਆਖ ਦਿੱਤੀ
ਫਿਰ ਸੋਚ ਤੇ ਘਰ ਵਿਚਾਰ ਲਈਏ।
ਆਉਣਾ ਸਫ਼ਲ ਹੋਏ ਜਪ ਪ੍ਰਯੋਗ ਸਭ ਦਾ
ਪੂਰੀ ਸਭ ਦੀ ਆਸ ਮੁਰਾਦ ਹੋਵੇ।
ਕਾਰੋਬਾਰ 'ਚ ਬਰਕਤਾਂ ਰਹਿਣ ਸਭ ਦੇ
ਸੁੱਖ ਸ਼ਾਂਤੀ ਦਾ ਘਰ ਵਿਚ ਵਾਸ ਹੋਵੇ
ਕਿਆਮਪੁਰੀਆ ਇਹੀ ਅਰਦਾਸ ਕਰਦਾ
ਗੁਰੂ ਦੇ ਸਿੰਘ ਸਦਾ ਸਹਾਈ ਹੋਵੇ।
ਅੱਜ ਜਪੁ ਪ੍ਰਯੋਗ ਹੈ ਆਰੰਭ ਹੋਇਆ
ਸਾਰੀ ਸੰਗਤ ਨੂੰ ਲੱਖ-ਲੱਖ ਵਧਾਈ ਹੋਵੇ।

.................................................

# ਬੱਚਿਆਂ ਦਾ ਪੰਨਾ

## ਜਾਦੂ ਦੇ ਗੋਲ਼ੇ

**ਕੁਲਬੀਰ ਸਿੰਘ ਸੂਰੀ**

ਸੇਠ ਬਨਵਾਰੀ ਲਾਲ ਬੜਾ ਵੱਡਾ ਜ਼ਿਮੀਂਦਾਰ ਸੀ। ਉਸ ਦੀ ਨਾਲ ਲੱਗਦੇ ਤਿੰਨ-ਚਾਰ ਪਿੰਡਾਂ ਵਿਚ ਬਹੁਤ ਜ਼ਿਆਦਾ ਜ਼ਮੀਨ ਸੀ। ਬਹੁਤੀ ਜ਼ਮੀਨ ਉਹ ਠੇਕੇ 'ਤੇ ਦੇ ਦਿੰਦਾ ਪਰ ਕੁਝ ਜ਼ਮੀਨ ਉਪਰ ਉਸ ਦੇ ਕੰਮ ਕਰਨ ਵਾਲੇ ਕਾਮੇ ਵਾਹੀ ਕਰਦੇ।

ਸੇਠ ਬਨਵਾਰੀ ਲਾਲ ਬਹੁਤ ਅਮੀਰ ਹੋਣ ਦੇ ਬਾਵਜੂਦ ਦਿਲ ਦਾ ਚੰਗਾ ਆਦਮੀ ਸੀ। ਉਹ ਆਪਣੇ ਕਾਮਿਆਂ ਨੂੰ ਕਿਸੇ ਕਿਸਮ ਦੀ ਤੰਗੀ ਨਹੀਂ ਸੀ ਆਉਣ ਦਿੰਦਾ। ਸੇਠ ਵਿਚ ਇਕ ਬੜੀ ਵੱਡੀ ਕਮਜ਼ੋਰੀ ਸੀ। ਉਹ ਬੜਾ ਸੁਸਤ ਅਤੇ ਆਲਸੀ ਸੀ। ਉਹ ਸਾਰਾ ਦਿਨ ਲੇਟਿਆ ਰਹਿੰਦਾ। ਉਹ ਖਾਣ-ਪੀਣ ਦਾ ਸ਼ੌਕੀਨ ਸੀ। ਆਪਣੇ ਬਿਸਤਰ ਉਪਰ ਹੀ ਬੈਠਾ-ਬੈਠਾ ਉਹ ਖਾਂਦਾ-ਪੀਂਦਾ ਰਹਿੰਦਾ ਜਾਂ ਸੁੱਤਾ ਰਹਿੰਦਾ।

ਜਵਾਨੀ ਦੇ ਦਿਨ ਤਾਂ ਉਸ ਦੇ ਚੰਗੇ ਨਿਕਲ ਗਏ। ਜਦੋਂ ਉਹ ਵਡੇਰੀ ਉਮਰ ਵਿਚ ਪੈਰ ਰੱਖਣ ਲੱਗਿਆ ਤਾਂ ਬਦਹਜ਼ਮੀ ਕਰਕੇ ਉਸ ਨੂੰ ਕਈ ਤਰ੍ਹਾਂ ਦੀਆਂ ਤਕਲੀਫਾਂ ਰਹਿਣੀਆਂ ਸ਼ੁਰੂ ਹੋ ਗਈਆਂ। ਪਹਿਲਾਂ ਤਾਂ ਉਸ ਨੇ ਪ੍ਰਵਾਹ ਨਾ ਕੀਤੀ ਪਰ ਜਦੋਂ ਤਕਲੀਫਾਂ ਜ਼ੋਰ ਫੜਨ ਲੱਗੀਆਂ ਤਾਂ ਉਸ ਨੇ ਆਪਣੇ ਇਲਾਕੇ ਦੇ ਸਭ ਤੋਂ ਵੱਡੇ ਵੈਦ (ਹਕੀਮ) ਨੂੰ ਬੁਲਾਇਆ।

ਵੈਦ ਨੂੰ ਪਤਾ ਸੀ ਕਿ ਇਹ ਬੰਦਾ ਖਾਣ-ਪੀਣ ਦਾ ਸ਼ੌਕੀਨ ਹੈ ਪਰ ਇਸ ਨੇ ਕਦੀ ਹੱਡ-ਭੰਨ ਕੇ ਦੂਹਰਾ ਨਹੀਂ ਕੀਤਾ। ਵੈਦ ਦੇ ਖਿਆਲ ਵਿਚ ਉਸ ਨੂੰ ਦਵਾਈ ਦੀ ਨਹੀਂ ਸਗੋਂ ਆਪਣਾ ਸਰੀਰ ਹਿਲਾਉਣ ਯਾਨੀ ਕਸਰਤ ਕਰਨ ਦੀ ਜ਼ਰੂਰਤ ਸੀ। ਵੈਦ ਨੇ ਸੇਠ ਬਨਵਾਰੀ ਲਾਲ ਦਾ ਚੰਗੀ ਤਰ੍ਹਾਂ ਮੁਆਇਨਾ ਕੀਤਾ ਅਤੇ ਅਗਲੇ ਦਿਨ ਇਕ ਜਾਦੂ ਦੀ ਦਵਾਈ ਦੇਣ ਦਾ ਵਾਇਦਾ ਕੀਤਾ। ਅਗਲੇ ਦਿਨ ਵੈਦ ਸੇਠ ਕੋਲ ਆਇਆ। ਵੈਦ ਨੇ ਦੋ ਡੰਬਲ ਚੁੱਕੇ ਹੋਏ ਸਨ। ਵੈਦ ਨੇ ਕਿਹਾ, ''ਸੇਠ ਸਾਹਿਬ, ਇਹ ਦੋ ਜਾਦੂ ਦੇ ਗੋਲ-ਗੋਲ ਗੋਲੇ ਹਨ। ਇਹ ਤੁਹਾਨੂੰ ਬਿਲਕੁਲ ਤੰਦਰੁਸਤ ਕਰ ਦੇਣਗੇ। ਤੁਸੀਂ ਇਨ੍ਹਾਂ ਦੋਹਾਂ ਗੋਲਿਆਂ ਨੂੰ ਉਪਰ-ਥੱਲੇ, ਅੱਗੇ-ਪਿੱਛੇ ਉਤਨੀ ਦੇਰ ਕਰੀ ਜਾਣਾ ਹੈ, ਜਿੰਨੀ ਦੇਰ ਤੁਹਾਨੂੰ ਚੰਗੀ ਤਰ੍ਹਾਂ ਪਸੀਨਾ ਨਾ ਆ ਜਾਵੇ। ਪਸੀਨਾ ਆਉਣ ਤੋਂ ਬਾਅਦ ਹੀ ਇਨ੍ਹਾਂ ਜਾਦੂ ਦੇ ਗੋਲਿਆਂ ਨੇ ਅਸਰ ਕਰਨਾ ਹੈ।''

ਸੇਠ ਨੇ ਵੈਦ ਜੀ ਦੇ ਕਹਿਣ ਮੁਤਾਬਕ ਉਨ੍ਹਾਂ ਡੰਬਲਾਂ ਨੂੰ ਉੱਪਰ-ਥੱਲੇ, ਅੱਗੇ-ਪਿੱਛੇ ਕਰਨਾ ਸ਼ੁਰੂ ਕਰ ਦਿੱਤਾ। ਪਹਿਲੇ ਕੁਝ ਦਿਨ ਤਾਂ ਸੇਠ ਹੋਰੀਂ ਬੜੇ ਔਖੇ ਹੋਏ, ਉਨ੍ਹਾਂ ਨੂੰ ਸਾਹ ਚੜ੍ਹ ਗਿਆ ਅਤੇ ਬਹੁਤ ਜ਼ਿਆਦਾ ਥਕਾਵਟ ਹੋ ਗਈ ਪਰ ਕੁਝ ਦਿਨਾਂ ਬਾਅਦ ਹੀ ਉਨ੍ਹਾਂ ਨੂੰ ਲੱਗਿਆ ਕਿ ਜਾਦੂ ਦੇ ਗੋਲਿਆਂ ਨੇ ਅਸਰ ਕਰਨਾ ਸ਼ੁਰੂ ਕਰ ਦਿੱਤਾ ਹੈ। ਉਨ੍ਹਾਂ ਨੇ ਮਹਿਸੂਸ ਕੀਤਾ ਕਿ ਸਰੀਰ ਵਿਚ ਫੁਰਤੀ ਆ ਰਹੀ ਹੈ, ਭੁੱਖ ਜ਼ਿਆਦਾ ਲੱਗ ਰਹੀ ਹੈ। ਕੁਝ ਦਿਨ ਹੋਰ ਲੰਘ ਗਏ ਤਾਂ ਸੇਠ ਹੋਰੀਂ ਬਿਲਕੁਲ ਤੰਦਰੁਸਤ ਮਹਿਸੂਸ ਕਰਨ ਲੱਗ ਪਏ। ਉਹ ਵੈਦ ਜੀ ਦੇ ਜਾਦੂ ਦੇ ਗੋਲਿਆਂ ਤੋਂ ਬੜਾ ਪ੍ਰਭਾਵਿਤ ਹੋਏ। ਉਨ੍ਹਾਂ ਨੇ ਵੈਦ ਨੂੰ ਬੁਲਾ ਕੇ ਇਨਾਮ ਦਿੱਤਾ ਅਤੇ ਗੋਲਿਆਂ ਦਾ ਰਹੱਸ ਪੁੱਛਿਆ।

ਵੈਦ ਜੀ ਨੇ ਕਿਹਾ, ''ਸੇਠ ਜੀ, ਇਹ ਜਾਦੂ ਦੇ ਗੋਲੇ ਹਨ। ਤੁਸੀਂ ਇਨ੍ਹਾਂ ਦੀ ਵਰਤੋਂ, ਜਿਵੇਂ ਤੁਹਾਨੂੰ ਪਹਿਲਾਂ ਦੱਸਿਆ ਹੈ, ਜੇ ਰੋਜ਼ ਕਰੀ ਚੱਲੋਗੇ ਤਾਂ ਤੁਹਾਡੇ ਨੇੜੇ ਕੋਈ ਵੀ ਬੀਮਾਰੀ ਨਹੀਂ ਆਏਗੀ। ਜਿਸ ਦਿਨ ਤੁਸੀਂ ਇਨ੍ਹਾਂ ਜਾਦੂ ਦੇ ਗੋਲਿਆਂ ਨੂੰ ਉਪਰ-ਥੱਲੇ, ਅੱਗੇ-ਪਿੱਛੇ ਕਰਨਾ ਛੱਡ ਦਿੱਤਾ, ਉਸੇ ਦਿਨ ਤੁਸੀਂ ਬੀਮਾਰ ਪੈ ਜਾਓਗੇ।

ਸੇਠ ਬਨਵਾਰੀ ਲਾਲ ਅੱਜ ਆਪਣੇ ਪਿੰਡ ਵਿਚ ਸਭ ਤੋਂ ਲੰਮੀ ਉਮਰ ਦੇ ਤੰਦਰੁਸਤ ਬਜ਼ੁਰਗ ਹਨ। ਉਹ ਅੱਜ ਵੀ ਜਾਦੂ ਦੇ ਗੋਲਿਆਂ ਦੀ ਉਸੇ ਤਰ੍ਹਾਂ ਵਰਤੋਂ ਕਰਦੇ ਹਨ ਜਿਸ ਤਰ੍ਹਾਂ ਵੈਦ ਜੀ ਨੇ ਉਨ੍ਹਾਂ ਨੂੰ ਬਹੁਤ ਸਾਲ ਪਹਿਲਾਂ ਦੱਸੀ ਸੀ।

ਜੇ ਅਸੀਂ ਤੰਦਰੁਸਤ ਰਹਿਣਾ ਹੈ ਤਾਂ ਸਾਡੇ ਸਾਰਿਆਂ ਲਈ ਰੋਜ਼ ਕਸਰਤ ਅਤੇ ਸੈਰ ਕਰਨੀ ਬਹੁਤ ਜ਼ਰੂਰੀ ਹੈ।

......................................................

# ਖ਼ਬਰਨਾਮਾ

## ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦਾ ਅਮਰੀਕਾ-ਕੈਨੇਡਾ ਦੌਰੇ ਦਾ ਦੂਸਰਾ ਪੜਾਅ

## ਇੰਡੀਆਨਾ ਪੋਲਿਸ ਦੌਰਾ (11 ਤੋਂ 14 ਜੁਲਾਈ 2022)

ਸ੍ਰੀ ਸਤਿਗੁਰੂ ਜੀ, ਮਾਤਾ ਗੁਰਸ਼ਰਨ ਕੌਰ ਜੀ ਹਜ਼ੂਰੀ ਰਾਗੀ ਸਿੰਘਾਂ ਅਤੇ ਸਿੱਖਾਂ-ਸੇਵਕਾਂ ਸਹਿਤ ਦੁਪਹਿਰੇ ਕਰੀਬ 2 ਵਜੇ ਇੰਡੀਆਨਾ ਪੋਲਿਸ ਪਧਾਰੇ। ਡੇਰੇ (ਸੁਖਦੇਵ ਸਿੰਘ, ਸਰਮੁਖ ਸਿੰਘ ਦੇ ਘਰ ਆ ਕੇ ਪਾਤਸ਼ਾਹ ਜੀ ਕੁਝ ਜਲਪਾਣ ਕੀਤਾ ਅਤੇ ਗਰਾਊਂਡ ਫਲੋਰ ਤੇ ਸੰਗਤਾਂ ਨਾਲ ਕਾਫ਼ੀ ਸਮਾਂ ਬਚਨ-ਬਿਲਾਸ ਕੀਤੇ।) ਵਿਸ਼ੇਸ਼ ਕਰਕੇ ਆਪ ਜੀ ਬੱਚਿਆਂ ਨੂੰ ਬਹੁਤ ਨਿਵਾਜ਼ਦੇ ਹਨ ਕਿਸੇ ਬੱਚੇ ਨੂੰ ਰਹਿਤਨਾਮਾ ਪਾ:12 ਵੀਂ ਦਾ ਪਾਠ ਸੁਣਾਇਆ, ਕਿਸੇ ਕੋਈ ਸ਼ਬਦ ਦੀਆਂ ਪੰਗਤੀਆਂ ਗਾ ਕੇ ਸੁਣਾਈਆਂ, ਕਿਸੇ ਨੇ ਕੋਈ ਕਵਿਤਾ ਸੁਣਾਈ ਪਾਤਸ਼ਾਹ ਜੀ ਨੇ ਸਭ ਨੂੰ ਖੁਸ਼ੀਆਂ ਬਖਸ਼ੀਆਂ।

ਇੰਡੀਆਨਾ ਪੋਲਿਸ ਸਿਟੀ ਵਿਖੇ ਸ੍ਰੀ ਸਤਿਗੁਰੂ ਜੀ ਪਹਿਲੀ ਵੇਰ ਕਿਰਪਾ ਕਰ ਰਹੇ ਹਨ। ਏਥੇ 25-30 ਨਾਮਧਾਰੀ ਸਿੰਘਾਂ ਦੇ ਘਰ ਹੋ ਚੁੱਕੇ ਹਨ- ਬਹੁਤੇ ਕੋਵਿਡ ਤੋਂ ਬਾਅਦ ਹੀ ਮੂਵ ਹੋਏ ਹਨ, ਹੈਨ ਵੀ ਸਾਰੇ ਵਧੀਆ ਗੁਰਸਿਖ। ਹਰ ਐਤਵਾਰ ਵਾਰੀ ਨਾਲ ਘਰੋਂ-ਘਰੀ ਨਾਮ-ਸਿਮਰਨ ਕਰਦੇ ਹਨ, ਛੋਟੇ ਬੱਚੇ ਕੀਰਤਨ ਕਰਦੇ ਹਨ, ਹਵਨ ਕਰ ਲੈਂਦੇ ਹਨ ਸਾਰੀ ਸੰਗਤ ਦਾ ਪਰਿਵਾਰ ਵੱਲੋਂ ਲੰਗਰ ਹੋ ਜਾਂਦਾ ਹੈ। ਹਰ ਹਫਤੇ ਹਵਨ ਕਰਨ ਦੇ ਆਹਰ ਕਰਕੇ ਨੌਜੁਆਨਾਂ ਨੂੰ ਸੋਧ ਰੱਖਣ ਦੀ ਜਾਚ ਆਉਂਦੀ ਹੈ। ਹਵਨ ਦੀਆਂ ਸੱਤ ਬਾਣੀਆਂ ਸਰਲ ਹੋ ਜਾਂਦੀਆਂ ਹਨ ਜਿਨ੍ਹਾਂ ਵਿੱਚ ਚੰਡੀ ਚਰਿਤਰ, ਅਕਾਲ ਉਸਤਤ ਅਤੇ ਜਾਪੁ ਸਾਹਿਬ ਵਰਗੀਆਂ ਮੁਸ਼ਕਲ ਬਾਣੀਆਂ ਵੀ ਨੌਜੁਆਨਾਂ ਨੂੰ ਸਰਲ ਹੋ ਗਈਆਂ ਹਨ। ਨਾਮ-ਸਿਮਰਨ, ਕੀਰਤਨ, ਗੁਰਬਾਣੀ ਪਾਠ, ਹਵਨ ਯੱਗ ਆਦਿ ਸਾਰੇ ਪ੍ਰੋਗਰਾਮਾਂ ਨੂੰ ਨਿਯਮਤ ਰੂਪ ਵਿੱਚ ਕਰਨ ਵਿੱਚ ਸਭ ਤੋਂ ਵੱਡਾ ਉਦਮ ਸੁਖਦੇਵ ਸਿੰਘ, ਸੁਦਰਸ਼ਨ ਸਿੰਘ ਅਤੇ ਸਰਮੁਖ ਸਿੰਘ ਪਰਿਵਾਰ ਦਾ ਹੈ। ਸ੍ਰੀ ਸਤਿਗੁਰੂ ਜੀ ਨੇ ਜਦੋਂ ਤੋਂ ਅਮਰੀਕਾ ਦੌਰੇ ਦੌਰਾਨ ਇੰਡੀਆਨਾ ਪੋਲਿਸ ਵਿਖੇ ਮੇਲੇ ਦੀ ਪ੍ਰਵਾਨਗੀ ਦਿੱਤੀ ਤਾਂ ਏਥੋਂ ਦੇ ਨੌਜੁਆਨਾਂ ਨੇ ਕਰੀਬ ਦੋ ਹਫ਼ਤੇ ਪਹਿਲੋਂ ਤੋਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ। ਇਕ ਹਿੰਦੂ ਮੰਦਰ ਦੇ ਪ੍ਰਬੰਧਕਾਂ ਨਾਲ ਸੰਪਰਕ ਕਰਕੇ ਰੋਜਾਨਾ ਦੇ ਦੀਵਾਨ, ਆਸਾ ਦੀ ਵਾਰ ਅਤੇ ਸ਼ਾਮ ਨੂੰ ਨਾਮ ਸਿਮਰਨ ਅਤੇ ਕੀਰਤਨ ਦਾ ਪ੍ਰੋਗਰਾਮ ਮੰਦਰ ਵਿੱਚ ਰੱਖਿਆ ਗਿਆ। ਮੰਦਰ ਦੇ ਦੀਵਾਨ ਹਾਲ ਦੀ ਸਟੇਜ ਨੂੰ ਫੁੱਲਾਂ ਨਾਲ ਸਿੰਗਾਰ ਕੇ ਸਤਿਗੁਰੂ ਰਾਮ ਸਿੰਘ ਜੀ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਤਸਵੀਰਾਂ ਨਾਲ ਪੂਰਾ ਦੀਵਾਨ ਹਾਲ ਇਵੇਂ ਸਜਾਇਆ ਜਿਵੇਂ ਸ੍ਰੀ ਭੈਣੀ ਸਾਹਿਬ ਵਿਖੇ ਹੀ ਕੋਈ ਮੇਲਾ ਹੋ ਰਿਹਾ ਹੋਵੇ। ਸੁਖਦੇਵ ਸਿੰਘ ਦੇ ਅਰਜ਼ ਕਰਨ ਤੇ ਸ੍ਰੀ ਸਤਿਗੁਰੂ ਜੀ ਨੇ ਬੱਚਿਆਂ ਨੂੰ ਗਿਫ਼ਟ ਪੈਕ ਦੇ ਕੇ ਨਿਵਾਜ਼ਿਆ। ਇਹ ਬੱਚੇ ਜ਼ੂਮ ਐਪ ਤੇ ਗੁਰਬਾਣੀ ਪਾਠ ਸਿਖਦੇ ਅਤੇ ਪਾਠ ਕਰਦੇ ਵੀ ਹਨ।

ਘਰ ਦੇ ਪਿਛਲੇ ਪਾਸੇ ਬਹੁਤ ਵੱਡਾ ਸਾਰਾ ਨਿਰਮਲ ਜਲ ਨਾਲ ਭਰਪੂਰ ਤਲਾਬ ਹੈ। ਗੋਲ ਘੇਰੇ ਵਿੱਚ ਚੁਫੇਰੇ ਘਰ ਹਨ। ਸੁਖਦੇਵ ਸਿੰਘ ਦੇ ਘਰ ਦੇ ਦੂਸਰੇ ਪਾਸੇ ਗੁਰਦੀਪ ਸਿੰਘ ਸਪੁੱਤਰ ਰਣਧੀਰ ਸਿੰਘ ਦਾ ਘਰ ਹੈ। ਸ੍ਰੀ ਸਤਿਗੁਰੂ ਜੀ ਬਚਨ ਕੀਤਾ "ਔਹ ਸਾਹਮਣੇ ਤੇ ਘਰ ਤਾਂ ਹੁਣੇ ਹੀ ਜਾ ਆਉਂਦੇ ਹਾਂ।" ਪਾਤਸ਼ਾਹ ਜੀ ਪੈਦਲ ਚੱਲ ਕੇ ਹੀ ਸੰਗਤਾਂ ਸਹਿਤ ਗੁਰਦੀਪ ਸਿੰਘ ਦੇ ਘਰ ਜਾ ਪਹੁੰਚੇ। ਜਾਂਦਿਆਂ ਹੀ ਸ੍ਰੀ ਸਤਿਗੁਰੂ ਜੀ ਬਚਨ ਕੀਤਾ: ਵਾਹ ਧੀਰ ਜੀ ਦੋ ਸਟੇਟਾਂ ਤੇ ਰਣਧੀਰ ਸਿੰਘ ਦਾ ਰਾਜ ਹੋ ਗਿਆ। (ਕਿਉਂਕਿ ਆਪ ਦਾ ਛੋਟਾ ਬੇਟਾ ਰਤਨ ਸਿੰਘ ਨਿਊਯਾਰਕ ਹੁੰਦਾ ਹੈ ਅਤੇ ਕੁਝ ਦੇਰ ਪਹਿਲਾਂ ਹੀ ਵੱਡਾ ਸਪੁੱਤਰ ਗੁਰਦੀਪ ਸਿੰਘ ਨਿਊਯਾਰਕ ਤੋਂ ਇੰਡੀਆਨਾ ਮੂਵ ਹੋਇਆ ਹੈ।) ਪਰਿਵਾਰ ਦੇ ਸਾਰੇ ਜੀਅ ਰਣਧੀਰ ਸਿੰਘ, ਗੁਰਦੀਪ ਸਿੰਘ, ਨਵਜੋਤ ਕੌਰ ਅਤੇ ਦੋਵੇਂ ਬੱਚੇ ਸਾਹਿਬ ਸਿੰਘ, ਗਿਆਨ ਸਿੰਘ ਸ੍ਰੀ ਸਤਿਗੁਰੂ ਜੀ ਦੇ ਸਨਮੁੱਖ ਬੈਠ ਗਏ। ਸ੍ਰੀ ਸਤਿਗੁਰੂ ਜੀ ਨੇ ਗੁਰਦੀਪ ਸਿੰਘ ਨਾਲ ਬਚਨ ਬਿਲਾਸ ਕਰਦਿਆਂ ਕਾਰੋਬਾਰ ਬਾਰੇ ਪੁੱਛਿਆ। ਗੁਰਦੀਪ ਨੇ ਅਰਜ਼ ਕੀਤੀ: "ਪਾਤਸ਼ਾਹ ਜੀ, ਜਿੰਨਾ ਚਿਰ ਮੈਂ ਨਿਊਯਾਰਕ ਰਿਹਾ ਹਾਂ, ਮਿਹਨਤ ਵੀ ਬਹੁਤ ਕੀਤੀ ਪਰ ਛੋਟੇ ਜਿਹੇ ਘਰ 'ਚ ਹੀ ਰਹੇ ਹਾਂ, ਕਈ ਪ੍ਰੇਸ਼ਾਨੀਆਂ ਵੀ ਹੋਈਆਂ।

ਆਪ ਜੀ ਨੂੰ ਜਦੋਂ ਮੈਂ ਅਰਜ਼ ਕੀਤੀ, ਆਪ ਜੀ ਹੁਕਮ ਕੀਤਾ ਕਿ 40 ਦਿਨ ਇੱਕ ਮਾਲਾ ਭਜਨ ਦੀ ਇਕ ਭਗੌਤੀਆਂ ਦੀ ਫੇਰ ਕੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ 'ਚ ਅਰਦਾਸ ਕਰੋ, ਸੱਚੇ ਪਾਤਸ਼ਾਹ ਕਿਰਪਾ ਕਰਨਗੇ। ਅਜੇ 10 ਕੁ ਦਿਨ ਹੀ ਹੋਏ ਸਨ ਭਜਨ-ਭਗੌਤੀਆਂ ਕਰਦਿਆਂ ਨੂੰ ਸਾਰੇ ਕੰਮ ਸਿੱਧੇ ਹੋਣ ਲੱਗ ਗਏ। ਆਪ ਜੀ ਕਿਰਪਾ ਕੀਤੀ ਏ ਪੰਜ ਬੈੱਡਰੂਮ ਦਾ ਮਹੱਲ ਵਰਗਾ ਘਰ ਮਿਲ ਗਿਆ ਹੈ। ਪਾਤਸ਼ਾਹ ਜੀ, ਗੁਰਦੇਵ ਦੇ ਬੱਚਿਆਂ ਨਾਲ ਬੜੇ ਲਾਡ ਪਿਆਰ ਨਾਲ ਬਚਣ ਕਰਦੇ ਰਹੇ। ਨੌ ਕੁ ਵਰ੍ਹਿਆਂ ਦੇ ਵੱਡੇ ਕਾਕੇ ਸਾਹਿਬ ਨੂੰ ਬਚਨ ਕੀਤਾ: "ਪਾਤਸ਼ਾਹ ਜੀ ਇਹ ਬਹੁਤ ਵਧੀਆ ਹੈ।" ਫੇਰ ਬਚਨ ਕੀਤਾ: "ਇਹ ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਨਾਲ ਮਿਲਿਆ ਹੈ ਉਨ੍ਹਾਂ ਦਾ ਧੰਨਵਾਦ ਕਰਿਆ ਕਰੋ ਕਿ ਪਾਤਸ਼ਾਹ ਜੀ ਆਪ ਜੀ ਬਹੁਤ ਕ੍ਰਿਪਾ ਕੀਤੀ ਹੈ, ਇਹ ਸੋਹਣਾ ਘਰ ਮਿਲਿਆ ਹੈ।" ਸਤਿਗੁਰੂ ਜੀ ਨੇ ਅਤੇ ਨਾਲ ਆਈ ਸੰਗਤ ਨੇ ਫਰੂਟ, ਜੂਸ ਵਗੈਰਾ ਛਕਿਆ ਅਤੇ ਖ਼ੁਸ਼ੀਆਂ ਬਖ਼ਸ਼ ਦੇ ਪੈਦਲ ਹੀ ਡੇਰੇ ਵਾਲੇ ਘਰ ਪਧਾਰੇ।

ਸ਼ਾਮ ਨੂੰ 6:30 ਤੋਂ 7:30 ਵਜੇ ਤੱਕ ਜਰਮਨ ਚਰਚ ਰੋਡ ਤੇ ਹਿੰਦੂ ਟੈਂਪਲ ਆਫ ਸੈਂਟਰਲ ਇੰਡੀਆਨਾ ਵਿਖੇ ਨਾਮ ਸਿਮਰਨ ਹੋਇਆ। ਸਿਮਰਨ ਦੌਰਾਨ ਸੰਤ ਨਿਸ਼ਾਨ ਸਿੰਘ ਜੀ ਨੇ ਗੁਰੂ ਅਤੇ ਸਿੱਖ ਦੇ ਉੱਚੇ-ਸੁੱਚੇ ਨਾਤੇ ਬਾਰੇ ਗੁਰਬਾਣੀ ਅਨੁਸਾਰ ਵਿਦਵਤਾ ਭਰਪੂਰ ਵਿਆਖਿਆ ਕੀਤੀ। ਗੁਰ ਇਤਿਹਾਸ 'ਚੋਂ ਸਾਖੀਆਂ ਸੁਣਾ ਕੇ ਪ੍ਰੇਮਾ-ਭਗਤੀ ਵਾਲਾ ਵਾਤਾਵਰਣ ਸਿਰਜ ਦਿੱਤਾ। ਸੰਤ ਜੀ ਦੀ ਅੱਜ ਦੀ ਕਥਾ ਇੰਨੇ ਭਾਵਪੂਰਤ ਸੀ ਕੇ ਸ਼ਬਦ-ਬ-ਸ਼ਬਦ ਨੋਟ ਕਰਨ ਵਾਲੀ ਸੀ। ਪਰ ਜ਼ਿਆਦਾ ਵਿਸਥਾਰ ਤੋਂ ਬਚਣ ਲਈ ਸੰਖੇਪ ਸਾਰ ਹੀ ਪਾਠਕਾਂ ਨਾਲ ਸਾਂਝਾ ਕਰਦਾ ਹਾਂ: ਜਿੱਥੇ ਵੀ ਭਗਤ ਭਗਵਾਨ ਨੂੰ ਯਾਦ ਕਰਦੇ ਹਨ, ਸਿੱਖ ਗੁਰੂ ਨੂੰ ਸਿਮਰਦਾ ਹੈ, 'ਸਾਦਰ ਯਾਦ ਕਰੇ ਹੋਇ ਹਾਜਰ' ਸਹਿਤ ਆਦਰ ਦੇ ਯਾਦ ਕਰਨ ਵਾਲਿਆਂ ਲਈ ਭਗਵਾਨ, ਸਤਿਗੁਰੂ ਉੱਥੇ ਹਾਜ਼ਰ ਹੁੰਦਾ ਹੈ। ਜਿਵੇਂ ਮਾਤਾ ਆਪਣੇ ਬੱਚੇ ਨੂੰ ਪਾਲਦੀ, ਦੁਲਾਰਦੀ ਹੈ ਇਸੇ ਤਰ੍ਹਾਂ ਸਤਿਗੁਰੂ ਆਪਣੇ ਸਿੱਖਾਂ ਨੂੰ ਨਿਵਾਜ਼ਦਾ ਹੈ।

ਛੇਵੇਂ ਪਾਤਸ਼ਾਹ ਗੁਰੂ ਹਰਿ ਗੋਬਿੰਦ ਸਾਹਿਬ ਨੇ ਮੁਗਲਾਂ ਨਾਲ ਯੁੱਧ ਕੀਤੇ, ਪਹਿਲੀ ਅੰਮ੍ਰਿਤਸਰ ਵਾਲੀ ਲੜਾਈ ਵਿੱਚ ਸਿੱਖ ਬੜੀ ਬਹਾਦਰੀ ਨਾਲ ਲੜੇ। 13 ਸਿੱਖ ਸ਼ਹੀਦ ਹੋਏ। ਇਸੇ ਲੜਾਈ ਸਮੇਂ ਸੂਰਬੀਰਤਾ ਦੇ ਜੌਹਰ ਵਿਖਾਉਣ ਵਾਲਾ ਇਕ ਸਿੱਖ ਸੀ ਭਾਈ ਮੁਗਲੂ, ਮਾਲਵੇ ਦੇ ਪਿੰਡ ਗੰਢੂਆਂ ਦਾ। ਗੁਰੂ ਸਾਹਿਬ, ਮੁਗਲੂ ਤੇ ਬਹੁਤ ਪ੍ਰਸੰਨ ਹੋਏ, ਬਚਨ ਹੋਇਆ- ਭਾਈ ਮੁਗਲੂ ਕੁਝ ਵਰ ਮੰਗ ਲੈ, ਗੁਰੂ ਘਰੋਂ ਤੇਰੀ ਭਾਵਨਾ ਪੂਰੀ ਹੋਵੇਗੀ। ਸਿੱਖ ਨੇ ਅਰਜ਼ ਕੀਤੀ: ਪਾਤਸ਼ਾਹ ਕਿਰਪਾ ਕਰੋ, ਜਦੋਂ ਮੇਰਾ ਅੰਤ ਸਮਾਂ ਆਵੇ, ਮੇਰੇ ਸਵਾਸ ਤੁਹਾਡੀ ਗੋਦ 'ਚ ਪੂਰੇ ਹੋਣ। ਸੱਚੇ ਪਾਤਸ਼ਾਹ ਬਚਨ ਕੀਤਾ- ਠੀਕ ਹੈ ਤੇਰੀ ਭਾਵਨਾ ਪੂਰੀ ਹੋਵੇਗੀ, ਪਰ ਐਸ ਜਾਮੇ ਵਿੱਚ ਨਹੀਂ, ਹੋਰ ਜਾਮੇ ਵਿੱਚ ਤੇਰੀ ਇੱਛਾ ਪੂਰੀ ਕਰਾਂਗੇ। ਸਮਾਂ ਤੇਜ਼ੀ ਨਾਲ ਬੀਤਿਆ, ਬਦਲਿਆ, ਸੱਤਵੇਂ ਅਤੇ ਅੱਠਵੇਂ ਪਾਤਸ਼ਾਹ ਤੋਂ ਬਾਅਦ ਨੌਵੀਂ ਪਾਤਸ਼ਾਹੀ ਸਾਹਿਬ ਗੁਰੂ ਤੇਗ ਬਹਾਦਰ ਜੀ ਦਾ ਸਮਾਂ ਆ ਗਿਆ। ਭਾਈ ਮੁਗਲੂ ਅੰਤਮ ਸਵਾਸਾਂ ਤੇ ਗੁਰੂ ਸਾਹਿਬ ਨੂੰ ਯਾਦ ਕਰਦਾ ਹੈ, ਪਾਤਸ਼ਾਹ ਆਪ "ਸੂਰਬੀਰ ਬਚਨ ਨੇ ਬਲੀ" ਹੋ ਆਪਣਾ ਬਚਨ ਪੂਰਾ ਕਰੋ, ਮੈਨੂੰ ਦਰਸ਼ਨ ਦੇ ਕੇ ਕਿਰਤਾਰਥ ਕਰੋ। ਬਚਨ ਤੇ ਪੂਰਾ ਉਤਰਨ ਵਾਲਾ ਹੀ ਸੰਤ ਹੈ, ਸਿੱਖ ਹੈ ਅਤੇ ਸਤਿਗੁਰੂ ਹੁੰਦਾ ਹੈ।

ਸਾਹਿਬ ਗੁਰੂ ਤੇਗ ਬਹਾਦਰ ਜੀ ਮਾਲਵੇ ਦੇਸ਼ ਦਾ ਦੌਰਾ ਕਰਦੇ ਪਿੰਡ ਗੰਢੂਆਂ ਪੁੱਜਦੇ ਹਨ- ਭਾਈ ਮੁਗਲੂ ਨੂੰ ਆਵਾਜ਼ ਮਾਰਦੇ ਹਨ, ਬੁਝ ਰਹੀ ਜੀਵਨ ਜੋਤ ਮੁੜ ਰੌਸ਼ਨ ਹੋ ਜਾਂਦੀ ਹੈ, ਸੱਚੇ ਪਾਤਸ਼ਾਹ ਭਾਈ ਮੁਗਲੂ ਦਾ ਸੀਸ ਆਪਣੀ ਗੋਦ ਵਿੱਚ ਰੱਖ ਕੇ, ਉਸ ਨੂੰ ਪਲੋਸਦੇ ਹਨ, ਪਿਆਰ ਭਰੇ ਅੰਮ੍ਰਿਤ ਬਚਨਾਂ ਨਾਲ ਨਿਵਾਜ਼ਦੇ ਹਨ- ਭਾਈ ਮੁਗਲੂ ਪਰਮ ਅਨੰਦ ਦੀ ਅਵਸਥਾ ਵਿੱਚ ਜੀਵਨ ਯਾਤਰਾ ਸੰਪੂਰਨ ਕਰਕੇ ਪਰਮ ਗਤੀ ਨੂੰ ਪ੍ਰਾਪਤ ਹੁੰਦਾ ਹੈ। ਪ੍ਰੇਮਾਂ ਭਗਤੀ ਦੀ ਅਵਸਥਾ ਵਿੱਚ ਗੁਰੂ ਅਤੇ ਸਿੱਖ ਦੀ ਅਵਸਥਾ ਤਾਣੇ ਪੇਟੇ ਵਾਂਗ ਇਕ ਰੂਪ ਹੋ ਜਾਂਦੀ ਹੈ। ਗੁਰੂ ਸਿੱਖ ਸਿੱਖ ਗੁਰੂ ਹੈ ਏਕੋ। ਦੀ ਅਵਸਥਾ ਬਣ ਜਾਂਦੀ ਹੈ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਬਚਨ ਕਰਿਆ ਕਰਦੇ ਸਨ ਕਿ ਜਿਵੇਂ ਕੇਸਰ ਦੀਆਂ ਤਿੰਨ ਤੁਰੀਆਂ ਹੁੰਦੀਆਂ ਹਨ। ਇਸੇ ਤਰ੍ਹਾਂ ਨਾਮਧਾਰੀ ਪੰਥ ਵਿਚ ਤਿੰਨ ਕੇਸਰ ਹੋਏ ਹਨ- ਬ੍ਰਹਮ ਗਿਆਨੀ ਸਾਧੂ ਸੰਤ ਕੇਸਰ ਸਿੰਘ ਜੀ ਮੁਹਾਵਾ, ਸੰਤ ਕੇਸਰ ਸਿੰਘ ਜੀ ਚਵਿੰਡਾ ਅਤੇ ਸੰਤ ਕੇਸਰ ਸਿੰਘ ਚੁੱਪ ਸੇਖਵਾਂ, ਭਾਈ ਮੁਗਲੂ ਵਾਂਗ, ਸੰਤ ਕੇਸਰ ਸਿੰਘ ਸੇਖਵਾਂ ਆਖ਼ਰੀ ਸਮੇਂ ਗੁਜਰਾਂਵਾਲੇ ਸਨ ਸਤਿਗੁਰੂ ਰਾਮ ਸਿੰਘ ਜੀ ਦੇ ਗੱਦੀ ਤੇ ਰਾਮ ਦੀ ਜੋਤ ਕੇ ਜਾਮੇਂ ਵੱਡ ਪ੍ਰਤਾਪੀ ਸਤਿਗੁਰੂ ਪ੍ਰਤਾਪ ਸਿੰਘ ਜੀ ਬਿਰਾਜਮਾਨ ਸਨ- ਸੰਤ ਚੁੱਪ ਜੇ ਅੰਤਮ ਸੁਆਸਾਂ ਸਮੇਂ ਯਾਦ ਕਰਦੇ ਹਨ ਕਿ ਹੁਣ ਵੱਡ ਪ੍ਰਤਾਪੀ ਜੀ ਦੇ ਦਰਸ਼ਨ ਹੋ ਜਾਣ ਤਾਂ ਸੁਆਸ ਤਿਆਗ ਦੇਵਾਂ। ਉਸ

ਵੇਲੇ ਸਤਿਗੁਰੂ ਪ੍ਰਤਾਪ ਸਿੰਘ ਜੀ ਲਾਹੌਰ ਸਨ- ਸੰਤਾਂ ਦੇ ਪ੍ਰੇਮ ਖਿੱਚ ਦੇ ਖਿੱਚੇ ਹੋਏ ਸਤਿਗੁਰੂ ਪ੍ਰਤਾਪ ਸਿੰਘ ਜੀ ਗੁੱਜਰਾਂਵਾਲੇ ਪੁੱਜਦੇ ਹਨ- ਮਾਈ ਰੱਖੋ ਅਤੇ ਉਸ ਦੇ ਪਤੀ ਬਿਹਾਰਾ ਸਿੰਘ ਨੂੰ ਨਾਲ ਲੈ ਕੇ ਸਤਿਗੁਰੂ ਸੱਚੇ ਪਾਤਸ਼ਾਹ ਅਤਰ ਸਿੰਘ ਦੇ ਘਰ ਪੁੱਜਦੇ ਹਨ, ਜਿਥੇ ਸੰਤ ਜੀ ਠਹਿਰੇ ਹੋਏ ਸਨ। ਪਾਤਸ਼ਾਹ ਜੀ ਨੇ ਸੰਤਾਂ ਨੂੰ ਅਵਾਜ਼ ਮਾਰੀ, ਸੰਤ ਜੀ ਉੱਠੇ ਚਰਨ ਪਰਸੇ, ਫੇਰ ਜੇਬ ਚੋਂ ਚਾਂਦੀ ਦੇ ਰੁਪਏ (ਸਿੱਕੇ) ਕੱਢੇ, ਇਕ-ਇਕ ਰੁਪਇਆ ਚਰਨਾਂ ਤੇ ਰੱਖ ਕੇ ਮੱਥਾ ਟੇਕਦੇ ਹਨ ਅਤੇ ਗਿਣੀ ਜਾ ਰਹੇ ਹਨ ਛੇ, ਸੱਤ, ਅੱਠ, ਨੌ, ਦੱਸ, ਗਿਆਰਾਂ ਅਤੇ ਬਾਰਾਂ ਹਰ ਮੱਥਾ ਟੇਕਦੇ ਹਨ ਅਤੇ ਤੇਰਵਾਂ ਰੁਪਇਆ ਮੱਥਾ ਟੇਕ ਕੇ ਆਖਦੇ ਹਨ- ਤੇਰਾਂ, ਸੱਚੇ ਪਾਤਸ਼ਾਹ, ਮੈਂ ਤੇਰਾ, ਪਾਤਸ਼ਾਹ ਮੈਂ ਤੇਰਾ, ਏਸੇ ਤਰ੍ਹਾਂ ਮਸਤੀ ਵਿਚ ਕਹਿੰਦਿਆਂ ਹੋਇਆਂ, ਗੁਰ ਚਰਨਾਂ ਤੇ ਸੀਸ ਰੱਖ ਕੇ ਸਮਾਂ ਜਾਂਦੇ ਹਨ- ਗੁਰੂ ਚਰਨਾਂ ਵਿੱਚ ਜਿੰਨੀ ਸਿੱਖ ਨੂੰ ਖਿੱਚ ਹੁੰਦੀ ਹੈ ਗੁਰੂ ਨੂੰ ਮਿਲਣ ਦੀ ਸਤਿਗੁਰੂ ਨੂੰ ਉਸ ਤੋਂ ਹਜ਼ਾਰਾਂ ਗੁਣਾਂ ਜ਼ਿਆਦਾ ਹੁੰਦੀ ਹੈ। ਗਰੂ ਰਿਸ਼ਤਿਆਂ ਤੋਂ ਉੱਚੀ ਚੀਜ਼ ਹੈ, ਗੁਰੂ ਸਿੱਖ ਤੋਂ ਕੁਰਬਾਨ ਜਾਂਦਾ ਹੈ।

ਇਤਿਹਾਸ ਦੀ ਕਥਾ ਹੈ- ਇਕ ਵੇਰ ਜਦੋਂ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਜੀ ਦੀ ਸਪੁੱਤਰੀ ਬੀਬੀ ਵੀਰੋ ਜੀ ਦਾ ਵਿਆਹ ਹੋਣਾ ਸੀ। ਮਠਿਆਈਆਂ ਬਣ ਰਹੀਆਂ ਸਨ- ਸੰਗਤ ਆ ਜਾਂਦੀ ਹੈ ਗੁਰੂ ਦਰਸ਼ਨਾ ਲਈ। ਸੱਚੇ ਪਾਤਸ਼ਾਹ ਆਪਣੇ ਮਹਿਲਾਂ ਨੂੰ ਸੁਨੇਹਾ ਭੇਜਦੇ ਹਨ ਕਿ ਸੰਗਤ ਆਈ ਹੈ, ਤਾਜ਼ੀ ਮਠਿਆਈ ਭੇਜੋ। ਅੱਗੋਂ ਮਾਤਾ ਜੀ ਆਖਦੇ ਹਨ- ਅਜੇ ਸ਼ਗਨਾਂ ਦੇ ਗਾਨੇ ਬੱਜਣਗੇ ਪਹਿਲੋਂ ਜਵਾਈ, ਭਾਈਆਂ ਦੇ ਮੂੰਹ ਲੱਗੇਗੀ, ਫੇਰ ਵਰਤਾਵਾਂਗੇ। ਪਾਤਸ਼ਾਹ ਫੇਰ ਸੁਨੇਹਾ ਭੇਜਦੇ ਹਨ: ਮੈਨੂੰ ਜਵਾਈਆਂ ਭਾਈਆਂ ਨਾਲੋਂ ਸਿੱਖ ਪਿਆਰੇ ਹਨ। ਮਾਤਾ ਜੀ ਬਚਨ ਨਾ ਮੰਨ ਸਕੇ ਤਾਂ ਸ਼ਰਾਫ ਮਿਲਿਆ ਜੋ ਮੇਰੇ ਸਿੱਖਾਂ ਦੇ ਮੂੰਹ ਨਹੀਂ ਲੱਗੀ ਇਹਨੂੰ ਪਲੋ-ਪਲੀ ਮਲੇਛ ਖਾਣਗੇ- ਸਿੱਖ ਗੁਰੂ ਦੀਆਂ ਖੁਸ਼ੀਆਂ ਲੈਣ ਲਈ ਵੱਡੀ ਤੋਂ ਵੱਡੀ ਕੁਰਬਾਨੀ ਕਰਨ ਲਈ ਤਿਆਰ ਰਹਿੰਦਾ ਹੈ ਅਤੇ ਗੁਰੂ ਵੀ ਚਾਰੇ ਪੁੱਤਰ ਵਾਰ ਕੇ ਸਹਿਜ ਨਾਲ ਆਖਦਾ ਹੈ। ਇਨ ਪੁਤ੍ਰਨ ਕੇ ਸੀਸ ਪੈ, ਵਾਰ ਦੀਏ ਸੁਤ ਚਾਰ॥ ਚਾਰ ਮੂਏ ਤੋ ਕਿਆ ਹੂਆ, ਜੀਵਤ ਕਈ ਹਜ਼ਾਰ॥ ਇਸ ਤਰ੍ਹਾਂ ਦੀਆਂ ਗੁਰ-ਸਿੱਖੀ ਸਿਦਕ ਦੀਆਂ ਪ੍ਰੇਮਾਂ-ਭਗਤੀ ਦੀਆਂ ਕਥਾ ਅਤੇ ਗੁਰਬਾਣੀ ਅਨੁਸਾਰ ਵਿਆਖਿਆ ਕਰਕੇ ਅਨੰਦ ਭਰਪੂਰ ਕਥਾ ਸੰਪੂਰਨ ਕੀਤੀ।

ਉਪਰੰਤ ਹਜ਼ੂਰੀ ਰਾਗੀ ਸਿੰਘਾਂ ਨੇ ਰਸ ਭਿੰਨਾ ਕੀਰਤਨ ਕੀਤਾ। ਸੰਤ ਬਲਵੰਤ ਸਿੰਘ, ਬਸੰਤ ਸਿੰਘ, ਕਿਰਪਾਲ ਸਿੰਘ ਪਾਲੀ ਅਤੇ ਤਬਲੇ ਤੇ ਹਰਪ੍ਰੀਤ ਸਿੰਘ ਜੀ ਅਤੇ ਗੁਰਦਿੱਤ ਸਿੰਘ ਜੀ ਸਾਰੇ ਜਥੇ ਨੇ ਬਹੁਤ ਹੀ ਆਨੰਦ ਮਈ ਕੀਰਤਨ ਕੀਤਾ। ਇਸ ਮੰਦਰ ਦੇ ਪੁਜਾਰੀ ਸ੍ਰੀ ਤਿਵਾੜੀ ਜੀ ਅਤੇ ਕੀਰਤਨ ਪ੍ਰੇਮੀ ਨਿਹੰਗੀ ਬਾਣੇ ਵਾਲੇ ਸਿੰਘਾਂ ਬੜੇ ਪ੍ਰੇਮ ਸਹਿਤ ਕੀਰਤਨ ਦਾ ਆਨੰਦ ਮਾਣਿਆ। ਦੀਵਾਨ ਦੀ ਸਮਾਪਤੀ ਉਪਰੰਤ ਸੰਗਤ ਦੇ ਲੰਗਰ ਦਾ ਪ੍ਰਬੰਧ ਇਥੇ ਮੰਦਰ ਵਿੱਚ ਹੀ ਸੀ। ਸ੍ਰੀ ਸਤਿਗੁਰੂ ਦੀ ਸਿੱਖਾਂ ਸੇਵਕਾਂ ਸਹਿਤ ਡੇਰੇ ਪਧਾਰੇ, ਸਰਮੁਖ ਸਿੰਘ ਦੇ ਘਰ ਦੇ ਪਾਸ ਹੀ ਸੜਕੋਂ ਪਾਰ ਸੁਦਰਸ਼ਨ ਸਿੰਘ ਦਾ ਘਰ ਹੈ। ਸ੍ਰੀ ਸਤਿਗੁਰੂ ਜੀ ਨੇ ਸੁਦਰਸ਼ਨ ਸਿੰਘ ਦੇ ਨਵੇਂ ਘਰ ਚਰਨ ਪਾਏ ਅਤੇ ਘਰ ਦੇ ਪਿਛਲੇ ਪਾਸੇ ਸੜਕ ਅਤੇ ਨਾਲ-ਨਾਲ ਖੇਤੀ ਹੁੰਦੀ ਹੈ, ਜ਼ਿਆਦਾ ਮੱਕੀ ਦੀ ਫਸਲ ਹੈ, ਇਸ ਤੋਂ ਬਿਨਾਂ ਹਰ-ਹਰ ਜਾਂ ਕੋਈ ਹੋਰ ਦਾਲਾਂ ਵਗੈਰਾ ਵੀ ਹੁੰਦੀਆਂ ਹਨ। ਗ਼ਰੀਬ ਨਿਵਾਜ਼ ਪਿੱਛੇ ਇਕਾਂਤ ਸੜਕ ਤੇ ਦੂਰ ਤੱਕ ਸੈਰ ਕਰਕੇ ਆਏ, ਆ ਕੇ ਡੇਰੇ ਜਲ ਪਾਣੀ ਛਕਿਆ ਤੇ ਆਰਾਮ ਕਰਨ ਚਲੇ ਗਏ।

**12 ਜੁਲਾਈ ਮੰਗਲਵਾਰ-** ਆਸਾ ਦੀ ਵਾਰ ਦਾ ਕੀਰਤਨ 4:30 ਤੋਂ 6:30 ਹਿੰਦੂ ਟੈਂਪਲ ਵਿਖੇ ਹੋਇਆ। ਉਪਰੰਤ ਸਰਮੁਖ ਸਿੰਘ ਨੇ ਸੰਗਤ ਨੂੰ ਸੂਚਿਤ ਕੀਤਾ ਕਿ ਅੱਜ ਦੀ ਲੰਗਰ ਦੀ ਸੇਵਾ ਰਵਿੰਦਰ ਸਿੰਘ, ਰਤਨ ਸਿੰਘ ਬਾਂਸਲ ਪਰਿਵਾਰ ਵਲੋਂ ਹੈ। ਰਤਨ ਸਿੰਘ ਦੀ ਕਾਰ ਅਗਵਾਈ ਕਰੇਗੀ, ਸਾਰੀ ਸੰਗਤ ਬਾਂਸਲ ਜੀ ਦੇ ਗ੍ਰਹਿ ਵਿਖੇ ਲੰਗਰ ਪਾਣ ਕਰਨ ਜਾਵੇ। ਸ਼ਾਮ ਦਾ ਨਾਮ ਸਿਮਰਨ, ਕੀਰਤਨ 6 ਤੋਂ 8 ਇੱਥੇ ਮੰਦਿਰ ਵਿਚ ਹੀ ਹੋਵੇਗਾ।

ਉਪਰੰਤ ਅਨਮੋਲਕ ਸਿੰਘ ਦੇ ਗ੍ਰਹਿ ਵਿਖੇ ਲੰਗਰ ਛਕਿਆ। ਉਪਰੰਤ ਕੁਝ ਘਰਾਂ 'ਚ ਪਾਤਸ਼ਾਹ ਜੀ ਨੇ ਚਰਨ ਪਾਉਣ ਦੀ ਕਿਰਪਾ ਕੀਤੀ। ਸੈਣੀ ਅਤੇ Nopteville IN ਵਿਖੇ ਅਤੇ Greenwood ਵਿਚ ਪਰਮਿੰਦਰ ਸਿੰਘ ਸੱਗੂ, ਰਮਣੀਕ ਸਿੰਘ ਬਾਂਸਲ, ਹਰਪ੍ਰੀਤ ਸਿੰਘ ਲੋਟੇ, ਬਲਬੀਰ ਸਿੰਘ, ਸੁਰਿੰਦਰ ਸਿੰਘ, ਨਰਿੰਦਰ ਸਿੰਘ, ਸ਼ੇਰ ਸਿੰਘ ਉੱਪਲ, ਸੁਖਬੀਰ ਸਿੰਘ ਸੰਧੂ ਅਤੇ ਸੂਬਾ ਮੇਲਾ ਸਿੰਘ ਦੇ ਪੋਤਰੇ ਵਿਕਰਮ ਸਿੰਘ ਦੇ ਘਰ ਚਰਨ ਪਾਏ। ਪ੍ਰੀਤਮ ਸਿੰਘ ਸਪੁੱਤਰ ਪਰਮਿੰਦਰ ਸਿੰਘ ਸੱਗੂ ਨੂੰ ਸ੍ਰੀ ਸਤਿਗੁਰੂ ਜੀ ਨੇ ਦਸਤਾਰ ਸਜਾਉਣ ਦੀ ਕਿਰਪਾ ਕੀਤੀ। ਸੱਚੇ ਪਾਤਸ਼ਾਹ ਜਿਸ ਘਰ ਵੀ ਚਰਨ ਪਾਉਂਦੇ ਹਨ- ਸਾਰੇ ਪਰਿਵਾਰ ਦੀ ਸੁੱਖ ਸਾਂਦ ਪੁੱਛਦੇ ਤੇ ਪਰਿਵਾਰ ਦੇ ਜੀਆਂ ਬਾਰੇ ਕਿ ਕੌਣ ਕੀ ਕੰਮ ਕਰਦਾ ਹੈ, ਬੱਚੇ

ਕੀ ਪੜ੍ਹ ਰਹੇ ਹਨ- ਇਸ਼ਨਾਨ ਸਣੇਕੇਸੀ ਕਰਦੇ ਹੋ ਕਿ ਨਹੀਂ, ਸੂਰਜ ਚੜ੍ਹਨੋਂ ਪਹਿਲੋਂ ਇਸ਼ਨਾਨ ਕਰਨ, ਨਾਮ ਜਪਣ ਅਤੇ ਗੁਰਬਾਣੀ ਦਾ ਪਾਠ ਨਿਯਮਤ ਰੂਪ ਵਿਚ ਕਰਨ ਦੀ ਤਾਕੀਦ ਕਰਦੇ।

ਸ਼ਾਮ ਦਾ ਨਾਮ ਸਿਮਰਨ ਹਿੰਦੂ ਟੈਂਪਲ 'ਚ ਹੋਇਆ, ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ 'ਚ ਸੰਤ ਨਿਸ਼ਾਨ ਸਿੰਘ ਜੀ ਨੇ ਕਥਾ ਕੀਤੀ। ਸੰਤ ਜੀ ਨੇ ਅੱਜ ਦੀ ਕਥਾ ਵਿੱਚ ਵੀ ਗੁਰੂ ਅਤੇ ਸਿੱਖ ਦੇ ਪਵਿੱਤਰ ਨਾਤੇ ਬਾਰੇ ਗੁਰਬਾਣੀ ਅਤੇ ਇਤਿਹਾਸਕ ਸਾਖੀਆਂ ਦੁਆਰਾ ਦੱਸਿਆ। ਕੂਕੇ ਸਿੱਖਾਂ, ਮਸਤਾਨਿਆਂ ਦੀ ਮਹਾਨ ਕਰਨੀ ਬਾਰੇ ਦੱਸਿਆ ਕਿ ਸਿੱਖ ਦੂਸਰੇ ਸਿੱਖ ਵਾਸਤੇ ਉਹ ਕੁਝ ਕਰ ਸਕਦਾ ਹੈ ਜੋ ਕੋਈ ਆਪਣੇ ਸਕੇ ਸਨਬੰਧੀਆਂ ਵਾਸਤੇ ਵੀ ਨਹੀਂ ਕਰਦਾ।

ਇੱਕ ਨੱਕੇ ਦਾ ਸਿੱਖ ਸੀ, ਉਸ ਨੇ ਆਪਣੀਆਂ ਲੜਕੀਆਂ ਦੇ ਅਨੰਦ ਕਰਨੇ ਸਨ, ਮਾਇਆ ਦੀ ਲੋੜ ਸੀ, ਮਸਤਾਨਾ ਸੁੰਦਰ ਸਿੰਘ ਨੇ ਆਪਣੀ ਜ਼ਮੀਨ ਗਹਿਣੇ ਪਾ ਕੇ ਉਸ ਸਿੱਖ ਨੂੰ ਮਾਇਆ ਦਿੱਤੀ। ਲਾਹੌਰ ਦਾ ਦੇਵਾ ਸਿੰਘ ਨਾਮਧਾਰੀ, ਕਪਾਹ ਦਾ ਕਾਰਖਾਨਾ ਸੀ, ਘਾਟਾ ਪੈ ਗਿਆ, ਨਾਰਲੀ ਦੇ ਸ. ਬਘੇਲ ਸਿੰਘ ਤੋਂ ਪੈਸੇ ਉਧਾਰ ਲੈਣ ਗਿਆ। ਸ. ਬਘੇਲ ਸਿੰਘ ਨੇ ਛੱਤੀ ਹਜਾਰ ਰੁਪਏ ਉਸ ਅੱਗੇ ਢੇਰੀ ਕਰ ਦਿੱਤੇ। ਦੇਵਾ ਸਿੰਘ ਨੇ ਕਿਹਾ- ਕੋਈ ਲਿਖਤ ਕਰ ਲਈਏ। ਸ. ਬਘੇਲ ਸਿੰਘ ਆਖਣ ਲੱਗਾ: ਕਾਹਦੀ ਲਿਖਤ ਤੇ ਕਿਸ ਵਾਸਤੇ? ਗੁਰੂ ਰਾਮ ਸਿੰਘ ਦੇ ਘਰੋਂ- ਗੁਰੂ ਰਾਮ ਸਿੰਘ ਦੇ ਘਰ ਪੈਸੇ ਗਏ ਹਨ, ਜਦੋਂ ਹੋਵੇ ਦੇ ਦਵੀਂ ਨਹੀਂ ਤੇ ਗੁਰੂ ਕੇ ਲੇਖੇ... ਕੇਵਲ ਪੈਸੇ ਤੱਕ ਦਾ ਤਿਆਗ ਹੀ ਨਹੀਂ- ਇਸ ਤੋਂ ਵੀ ਕਿਤੇ ਅੱਗੇ- ਅਜਿਹੀਆਂ ਹੋਰ ਵੀ ਕਈ ਸਾਖੀਆਂ ਸੁਣਾਈਆਂ ਕਿ ਸਿੱਖਾਂ ਨੇ ਕਿਵੇਂ ਗੁਰੂ ਦੀਆਂ ਖੁਸ਼ੀਆਂ ਲੈਣ ਵਾਸਤੇ ਕਿੰਨੇ ਵੱਡੇ ਤਿਆਗ ਕੀਤੇ, ਕਿੰਨੀਆਂ ਕੁਰਬਾਨੀਆਂ ਕੀਤੀਆਂ। ਗੁਰੂ ਅਤੇ ਸਿੱਖ ਦੇ ਸਬੰਧਾਂ ਵਿੱਚ ਨਾ ਮੋਹ ਹੈ, ਨਾ ਲੋਭ ਹੈ ਨਾ ਸੁਆਰਥ ਹੈ, ਕੇਵਲ ਪ੍ਰੇਮ ਹੈ, ਸਮਰਪਣ ਹੈ, ਤਿਆਗ ਹੈ, ਭਗਤੀ ਹੈ।

ਸੰਤ ਜੀ ਦੀ ਕਥਾ ਉਪਰੰਤ ਨਾਮ ਸਿਮਰਨ ਦੀ ਅਰਦਾਸ ਤੋਂ ਬਾਅਦ ਛੋਟੇ ਬੱਚਿਆਂ ਨੇ ਸ੍ਰੀ ਸਤਿਗੁਰੂ ਜੀ ਦੇ ਸਨਮੁਖ ਸ਼ਬਦ ਗਾਇਨ ਕੀਤੇ। ਰਤਨ ਸਿੰਘ ਬਾਂਸਲ ਦੇ ਕਰੀਬ 6 ਅਤੇ 8 ਸਾਲ ਦੇ ਬੱਚੇ ਰਘਬੀਰ ਸਿੰਘ ਅਤੇ ਰਤਨ ਕੌਰ ਨੇ ਸ਼ਬਦ ਗਾਇਨ ਕੀਤਾ। ਉਪਰੰਤ ਕਾਕਾ ਪ੍ਰੀਤਮ ਸਿੰਘ ਸਪੁੱਤਰ ਪਰਮਿੰਦਰ ਸਿੰਘ, ਤਬਲੇ ਤੇ ਸੰਗਤ ਬਲਬੀਰ ਸਿੰਘ ਬਿੱਟੂ ਨੇ ਕੀਤੀ, ਸ਼ਬਦ ਗਾਇਨ ਕੀਤਾ।

ਉਪਰੰਤ ਹਜ਼ੂਰੀ ਰਾਗੀ ਜਥੇ ਨੇ ਕੀਰਤਨ ਕਰਨਾ ਸੀ- ਸਾਜ ਸੁਰ ਕਰਕੇ ਬੰਦਨਾ ਕਰਨ ਤੋਂ ਪਹਿਲੋਂ ਹਜ਼ੂਰੀ ਰਾਗੀ ਸੰਤ ਬਲਵੰਤ ਸਿੰਘ ਸੰਬੋਧਨ ਹੋਏ: ਪਰਮ ਸਤਿਕਾਰਯੋਗ ਸਾਧ ਸੰਗਤ ਜੀ ਅੱਜ ਦਾ ਦਿਨ ਖਾਸ ਕਰਕੇ ਸੰਗੀਤ ਜਗਤ ਵਿੱਚ ਗੁਰੂ-ਪੂਰਨਿਆਂ ਦੇ ਤੌਰ ਤੇ ਮਨਾਇਆ ਜਾਂਦਾ ਹੈ। ਆਪਣੇ ਗੁਰੂ ਦੀ ਉਸਤਾਦ ਦੀ ਪੂਜਾ ਕੀਤੀ ਜਾਂਦੀ ਹੈ, ਸਿਫ਼ਤਿ ਸਲਾਹ ਕਰਕੇ ਗੁਰੂ ਦਾ, ਗੁਣ-ਦਾਤੇ ਦਾ ਸ਼ੁਕਰਾਨਾ ਕੀਤਾ ਜਾਂਦਾ ਹੈ। ਸੋ ਅੱਜ ਦਾ ਕੀਰਤਨ ਸਾਡੇ ਪਰਮ-ਪਿਤਾ, ਗੁਰੂਆਂ ਦੇ ਗੁਰੂ ਸਤਿਗੁਰੂ ਜਗਜੀਤ ਸਿੰਘ ਜੀ ਦੀ ਪਾਵਨ ਯਾਦ ਨੂੰ ਸਮਰਪਿਤ ਹੈ। ਜਿਨ੍ਹਾਂ ਦੇ ਸੰਗੀਤ ਜਗਤ ਨੂੰ ਅਪੂਰਬ ਦੇਣ ਹੈ, ਜਿਨ੍ਹਾਂ ਨੇ ਸਾਨੂੰ ਅਤੇ ਸਾਡੇ ਵਰਗੇ ਹੋਰ ਕਿੰਨਿਆਂ ਨੂੰ ਹੀ ਸੰਗੀਤ ਦੀ ਅਨਮੋਲ ਦਾਤ ਬਖ਼ਸ਼ੀ, ਆਪਣਾ ਪਿਆਰ ਬਖ਼ਸ਼ਿਆ, ਵਰਦਾਨ ਦਿੱਤੇ ਅਤੇ ਲੋਕ ਪਰਲੋਕ ਦੇ ਸੁਖ ਵੀ ਬਖ਼ਸ਼ੇ।

ਸੋ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ 'ਚ ਹਾਜ਼ਰੀ ਭਰਦਿਆਂ ਆਪ ਜੀ ਦੀ ਹੀ ਸੁਰ-ਬੱਧ ਕੀਤੀ ਇਕ ਗੁਰਬਾਣੀ ਦੀ ਰੀਤ ਨਾਲ ਆਰੰਭ ਕੀਤਾ। ਸਤਿਗੁਰੂ ਸੱਚੇ ਪਾਤਸ਼ਾਹ ਨੇ ਝੱਪਤਾਲ ਦੀ ਇਹ ਰੀਤ ਰਾਮ ਕਲਿਆਣ ਅਤੇ ਸ੍ਰੀ ਰਾਮ ਦੇ ਸੁਮੇਲ ਨਾਲ 'ਕਲਿਆਣ ਸ੍ਰੀ' ਵਿੱਚ ਰਚੀ। ਅੱਜ ਦੇ ਕੀਰਤਨ ਵਿੱਚ ਸ੍ਰੀ ਬਲਵੰਤ ਸਿੰਘ, ਹਰਪ੍ਰੀਤ ਸਿੰਘ ਸੋਨੂੰ, ਬਸੰਤ ਸਿੰਘ, ਕਿਰਪਾਲ ਸਿੰਘ ਪਾਲੀ, ਗੁਰਦਿੱਤ ਸਿੰਘ ਅਤੇ ਬਲਬੀਰ ਸਿੰਘ ਬਿੱਟੂ ਹਾਜ਼ਰ ਸਨ- ਬਲਵੰਤ ਜੀ ਨੇ ਅੱਜ ਦੇ ਕੀਰਤਨ ਦੀ ਬੰਦਨਾ ਵਿਚ ਗੁਰੂ ਸੋਭਾ ਦੀਆਂ ਕੁਝ ਹੋਰ ਪੰਗਤੀਆਂ, ਜੋ ਗੁਰਬਾਣੀ ਤੋਂ ਬਾਹਰ ਦੀਆਂ ਹਨ ਗਾਇਨ ਕੀਤੀਆਂ। ਕੀਰਤਨ ਦੀ ਅਰਦਾਸ ਸਰਮੁਖ ਸਿੰਘ ਨੇ ਕੀਤੀ ਅਤੇ ਅੱਜ ਦਾ ਸਮਾਗਮ ਭਗਤੀ ਰਸ ਨਾਲ ਸ਼ਰਸ਼ਾਰ ਸੰਪੰਨ ਹੋਇਆ।

ਕੀਰਤਨ ਸਮਾਪਤੀ ਉਪਰੰਤ ਸ਼ਾਮ ਦੇ ਸੰਗਤ ਦੇ ਲੰਗਰ ਦਾ ਪ੍ਰਬੰਧ ਮੰਦਰ ਵਿੱਚ ਹੀ ਹੁੰਦਾ ਹੈ। ਮੰਦਰ ਦੇ ਪ੍ਰਬੰਧਕਾਂ ਦੇ ਆਗ੍ਰਹਿ ਤੇ ਸ੍ਰੀ ਸਤਿਗੁਰੂ ਜੀ ਨੇ ਉਪਰ ਮੰਦਰ ਦੇ ਮੁਖ ਹਾਲ ਵਿੱਚ ਪਧਾਰੇ। ਬਹੁਤ ਹੀ ਸੁੰਦਰ ਅਤੇ ਆਕਰਸ਼ਕ, ਛੱਤ ਤੋਂ ਸ਼ੀਸ਼ੇ ਰਾਹੀ ਆ ਰਹੀ ਸੂਰਜੀ ਰੌਸ਼ਨੀ ਨਾਲ ਭਰਪੂਰ ਸੀ। ਭਗਵਾਨ ਵਿਸ਼ਨੂੰ, ਭਗਵਾਨ ਸ਼ਿਵ ਅਤੇ ਸ਼ਕਤੀ ਦੀਆਂ ਸੁੰਦਰ ਮੂਰਤੀਆਂ ਨਾਲ ਸੁਸੱਜਿਤ: ਮੂਰਤੀਆਂ ਕਲਾ ਦਾ ਉਤਮ ਨਮੂਨਾ ਹਨ। ਮੰਦਿਰ ਦੇ ਮੁੱਖ ਪੁਜਾਰੀ

ਪੰਡਿਤ ਕਮਲੇਸ਼ ਤਿਵਾੜੀ ਜੀ ਨੇ ਸ੍ਰੀ ਸਤਿਗੁਰੂ ਜੀ ਨੂੰ ਬੜੇ ਅਦਬ ਸਹਿਤ ਜੀਓ ਆਇਆਂ ਕਿਹਾ ਅਤੇ ਬੜੇ ਪ੍ਰੇਮ ਅਤੇ ਸ਼ਰਧਾ ਯੁਕਤ ਸ਼ਬਦਾਂ ਸਹਿਤ ਸਾਰੀਆਂ ਮੂਰਤੀਆਂ ਬਾਰੇ ਅਤੇ ਮੂਰਤੀਆਂ ਨਾਲ ਸਬੰਧਿਤ ਭਗਵਾਨ ਦੇ ਕੌਤਕਾਂ ਬਾਰੇ ਜਾਣਕਾਰੀ ਦਿੱਤੀ। ਉਪਰੰਤ ਹਰਵਿੰਦਰ ਸਿੰਘ ਰਾਜਾ ਅਤੇ ਰਵਿੰਦਰ ਸਿੰਘ ਚਾਨਾ ਦੇ ਘਰ ਚਰਨ ਪਾਉਣ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਡਾ. ਅਮਨਪ੍ਰੀਤ ਸਿੰਘ ਦੇ ਘਰ ਦਰਸ਼ਨ ਦਿੱਤੇ, ਏਥੇ ਹੀ ਜਲ ਪਾਣੀ ਛਕਿਆ। ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਜੀ ਚੰਨੀ ਏਸੇ ਸ਼ਹਿਰ ਸਨ, ਸ੍ਰੀ ਸਤਿਗੁਰੂ ਜੀ ਦਾ ਪਤਾ ਲੱਗਣ ਤੇ ਉਚੇਚਾ ਦਰਸ਼ਨ ਕਰਨ ਆਏ। ਚੰਨੀ ਜੀ ਨੇ ਅਰਜ਼ ਕੀਤੀ- ਸ੍ਰੀ ਸਤਿਗੁਰੂ ਜੀਓ, ਆਪ ਜੀ ਦੇ ਦਰਸ਼ਨ ਕਰਕੇ ਮੇਰਾ ਅੱਜ ਦਾ ਦਿਨ ਸਫ਼ਲ ਹੋ ਗਿਆ ਹੈ। ਉਪਰੰਤ ਸ੍ਰੀ ਸਤਿਗੁਰੂ ਜੀ ਡੇਰੇ ਆ ਗਏ।

**13 ਜੁਲਾਈ ਬੁੱਧਵਾਰ** ਸ੍ਰੀ ਸਤਿਗੁਰੂ ਜੀ ਦੇ ਪਾਵਨ ਦਰਸ਼ਨ ਕਰਦਿਆਂ ਸੰਗਤਾਂ ਨੇ ਆਸਾ ਦੀ ਵਾਰ ਦੇ ਕੀਰਤਨ ਦਾ ਆਨੰਦ ਮਾਣਿਆ। ਅਰਦਾਸ ਉਪਰੰਤ ਸ੍ਰੀ ਸਤਿਗੁਰੂ ਜੀ ਦੀ ਆਗਿਆ ਅਨੁਸਾਰ ਸੇਵਕ ਹਰਪਾਲ ਸਿੰਘ ਕੁਝ ਮਿੰਟਾਂ ਲਈ ਸੰਗਤਾਂ ਨੂੰ ਸੰਬੋਧਨ ਹੋਏ। ਸੰਖੇਪ ਸਾਰ ਹੈ-

ਪਰਮ ਪੂਜਯ ਸਤਿਗੁਰੂ ਸੱਚੇ ਪਾਤਸ਼ਾਹ ਜੀ ਦੀ ਪਾਵਨ ਹਜ਼ੂਰੀ 'ਚ ਨਾਮ ਰਸ ਮਾਣ ਰਹੀ ਸਤਿਕਾਰਯੋਗ ਸਾਧ ਸੰਗਤ ਜੀ, ਪਿਛਲੇ ਦੋ ਦਿਨਾਂ ਤੋਂ ਸੰਤ ਨਿਸ਼ਾਨ ਸਿੰਘ ਜੀ ਨੇ ਕਥਾ ਕਰਦਿਆਂ ਗੁਰੂ ਅਤੇ ਸਿੱਖ ਦੇ ਉੱਚੇ ਸੁੱਚੇ ਨਾਤੇ ਬਾਰੇ ਵਿਆਖਿਆ ਕੀਤੀ ਹੈ। ਗੁਰੂ ਸਿੱਖ ਦੇ ਪਵਿੱਤਰ ਰਿਸ਼ਤੇ ਵਿੱਚ ਸੂਤਰਧਾਰ ਹੈ, ਪ੍ਰੇਮ, ਸ਼ਰਧਾ ਅਤੇ ਭਗਤੀ। ਜਿਵੇਂ ਫੁੱਲਾਂ ਦੀ ਕਦਰ ਭੰਵਰੇ ਜਾਣਦੇ ਹਨ ਇਸੇ ਤਰ੍ਹਾਂ ਗੁਰੂ ਦੀ ਕੀਮਤ ਸਿੱਖ ਜਾਣਦੇ ਹਨ। ਜੋ ਗੁਰੂ ਦੇ ਇਕ ਬਚਨ ਤੇ ਸਭ ਕੁਝ ਕੁਰਬਾਨ ਕਰ ਦਿੰਦੇ ਹਨ। ਇਥੋਂ ਤਕ ਕੇ ਆਪਣਾ ਸਰੀਰ ਵੀ ਤਿਣਕੇ ਵਾਂਗ ਤਿਆਗ ਸਕਦੇ ਹਨ। ਗੁਰੂ ਬੰਦੂਕ ਪਰਖਣ ਲਈ ਕਿਸੇ ਇਕ ਸਿੱਖ ਨੂੰ ਸਨਮੁੱਖ ਹੋਣ ਲਈ ਬੁਲਾਉਂਦੇ ਹਨ ਤਾਂ ਦੋ ਸਿੱਖ ਇੱਕ ਦੂਸਰੇ ਤੋਂ ਅੱਗੇ ਹੋ ਕੇ ਆਖਦੇ ਹਨ ਪਾਤਸ਼ਾਹ ਮੇਰੇ ਤੇ ਨਿਸ਼ਾਨਾ ਲਾਉ, ਦੂਸਰਾ ਆਖਦਾ ਹੈ, ਪਹਿਲਾਂ ਮੈਂ ਹੁਕਮ ਸੁਣਿਆ ਸੀ। ਮੇਰੇ ਤੇ ਕਿਰਪਾ ਕਰੋ। ਸ੍ਰੀ ਦਸਮੇਸ਼ ਪਾਤਸ਼ਾਹ ਦੋਹਾਂ ਨੂੰ ਸਾਹਮਣੇ ਹੋਣ ਲਈ ਹੁਕਮ ਕਰਦੇ ਹਨ ਅਤੇ ਬੰਦੂਕ ਦੀ ਗੋਲੀ ਸਿੱਖਾਂ ਦੇ ਸੀਸ ਦੇ ਉੱਪਰ ਦੀ ਕੱਢ ਦੇਂਦੇ ਹਨ।

ਗੁਰੂ ਦਰਸ਼ਨਾਂ ਦੀ ਕੀਮਤ ਕੋਈ ਪੁੱਛੇ ਉਨ੍ਹਾਂ ਕੂਕੇ ਸਿੰਘਾਂ ਤੋਂ ਜਿਨ੍ਹਾਂ ਨੇ ਗੁਰਬਾਣੀ ਦੀਆਂ ਇਨ੍ਹਾਂ ਪੰਗਤੀਆਂ ਨੂੰ ਜੀਵਨ ਆਹੂਤੀ ਪਾ ਕੇ ਅਮਲੀ ਜਾਮਾ ਪਹਿਨਾਇਆ- **ਸਮੁੰਦੁ ਸਾਗਰੁ ਹੋਵੈ ਬਹੁ ਖਾਰਾ ਗੁਰਸਿਖੁ ਲੰਘਿ ਗੁਰ ਪਹਿ ਜਾਈ॥** ਜ਼ਮੀਨਾਂ ਜਾਇਦਾਦਾਂ ਵੇਚ ਕੇ ਨਾਮਧਾਰੀ ਸਿੰਘ, ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕਰਨ ਸਮੁੰਦਰੋਂ ਪਾਰ ਰੰਗੂਨ ਜਾਂਦੇ ਰਹੇ। ਜੇਲਾਂ ਭੁਗਤੀਆਂ, ਬਰਤਾਨਵੀ ਸਾਮਰਾਜ ਦਾ ਦਮਨ ਸਹਿਣ ਕੀਤਾ। ਪਰ ਦੁਨੀਆ ਭਰ ਦੀ ਤਾਕਤ ਉਨ੍ਹਾਂ ਨੂੰ ਆਪਣੇ ਸਤਿਗੁਰੂ ਤੋਂ ਤੋੜ ਨਾ ਸਕੀ। ਸਾਲ 2022 ਨਾਮਧਾਰੀ ਪੰਥ ਵਲੋਂ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਦੇਸ ਗਵਨ ਦਾ ਅਤੇ ਨਾਮਧਾਰੀ ਸ਼ਹੀਦੀ ਸਾਕਿਆ ਦਾ 150 ਵਾਂ ਵਰ੍ਹਾਂ ਮਨਾਇਆ ਜਾ ਰਿਹਾ ਹੈ। ਇਨ੍ਹਾਂ ਸਾਕਿਆ ਦੀ ਪਹਿਲੀ ਸ਼ਤਾਬਦੀ (100 ਵਾਂ ਵਰ੍ਹਾਂ) ਸੰਨ 1972 ਵਿੱਚ ਸਤਿਗੁਰੂ ਜਗਜੀਤ ਸਿੰਘ ਜੀ ਦੀ ਛਤਰ ਛਾਇਆ ਹੇਠ ਮਨਾਇਆ ਗਿਆ। ਜਿਸ ਦੇਸ਼, ਇੰਗਲੈਂਡ ਦੀ ਹਕੂਮਤ ਨੇ ਸਤਿਗੁਰੂ ਰਾਮ ਸਿੰਘ ਜੀ ਨੂੰ ਜਲਾਵਤਨ ਕੀਤਾ ਸੀ ਉਨ੍ਹਾਂ ਦੇ ਦੇਸ਼ ਵਿੱਚ ਹੀ ਜਾ ਕੇ ਗੋਰਿਆਂ ਤੋਂ ਸਤਿਗੁਰੂ ਰਾਮ ਸਿੰਘ ਜੀ ਦੀ ਉਸਤਤ ਕਰਵਾਈ।

ਸਿੱਖ ਸਤਿਗੁਰੂ ਤੋਂ ਕੁਰਬਾਨ ਜਾਂਦਾ ਹੈ ਅਤੇ ਗੁਰੂ ਸਿੱਖ ਤੋਂ ਵਾਰਨੇ ਜਾਂਦਾ ਹੈ। ਸਿੱਖ ਗੁਰੂ ਦੀਆਂ ਖੁਸ਼ੀਆਂ ਦਾ ਤਲਬਗ਼ਾਰ ਹੁੰਦਾ ਹੈ ਅਤੇ ਗੁਰੂ, ਸਿੱਖ ਨੂੰ ਖ਼ੁਸ਼ ਕਰ ਕੇ ਸੁਖੀ ਵੇਖ ਕੇ ਖੁਸ਼ ਹੁੰਦਾ ਹੈ। ਇੱਕ ਵੇਰ ਦੀ ਵਾਰਤਾ ਹੈ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਸ੍ਰੀ ਜੀਵਨ ਨਗਰ ਵਿਖੇ ਸਿੱਖਾਂ ਦੀਆਂ ਅਰਜ਼ਾਂ ਸੁਣ ਰਹੇ ਸਨ, ਸੰਤ ਨਗਰੋਂ ਆਏ ਇਕ ਸਿੱਖ ਨੇ ਅਰਜ਼ ਕੀਤੀ- ਪਾਤਸ਼ਾਹ ਜੀ, ਬੱਚੇ ਛੋਟੇ ਹਨ, ਘਰ ਲਵੇਰਾ ਨਹੀਂ। ਛੇ-ਸੱਤ ਮਹੀਨਿਆਂ ਤੱਕ ਗਊ ਸੂ ਪਵੇਗੀ, ਘਰ ਦਾ ਦੁੱਧ ਹੋ ਜਾਵੇਗਾ, ਓਨੀ ਦੇਰ ਵਾਸਤੇ ਦੁੱਧ ਪੀਣ ਲਈ ਤਬੇਲੇ ਵਿੱਚੋਂ ਇਕ ਗਊ ਦੀ ਕਿਰਪਾ ਕਰ ਦਿਉ। ਗ਼ਰੀਬ ਨਿਵਾਜ਼ ਉਸੇ ਵੇਲੇ ਉੱਠੇ, ਸੇਵਕਾਂ ਸਹਿਤ ਉਸ ਸਿੱਖ ਨੂੰ ਨਾਲ ਲੈ ਕੇ ਤਬੇਲੇ ਵਿੱਚ ਗਏ। ਰਜਿਸਟਰ ਵੇਖਿਆ 12 ਕਿਲੋ ਰੋਜ਼ਾਨਾ ਦੁੱਧ ਦੇਣ ਵਾਲੀ ਗਊ ਵੇਖੀਂ, ਪਾਤਸ਼ਾਹ ਨੇ ਗਊ ਦਾ ਰੱਸਾ ਆਪ ਸਿੱਖ ਨੂੰ ਫੜ੍ਹਾ ਕੇ ਬਚਨ ਕੀਤਾ, "ਐ ਗਊ ਲੈ ਜਾਓ ਅਤੇ ਬੱਚਿਆਂ ਨੂੰ ਰੱਜਵਾਂ ਦੁੱਧ ਛਕਾਓ ਅਤੇ ਗਊ ਦੀ ਸੇਵਾ ਕਰੋ। ਸਿਖ ਨੇ ਬੜਾ ਭਾਵੁਕ ਹੋ ਅਰਜ਼ ਕੀਤੀ: ਸੱਚੇ ਪਾਤਸ਼ਾਹ ਆਪ ਸੱਚਮੁੱਚ ਗ਼ਰੀਬ ਨਿਵਾਜ਼ ਹੋ। ਮੇਰੇ ਵਰਗੇ ਅਦਨੇ ਜਿਹੇ ਸਿੱਖ ਵਾਸਤੇ ਆਪ ਚੱਲ ਕੇ ਆਏ ਹੋ ਅਤੇ ਜਿੰਨੇ ਕੁ ਦੁੱਧ ਦੀ ਲੋੜ ਹੈ, ਉਸ ਤੋਂ ਦੂਣੇ ਦੁੱਧ ਵਾਲੀ ਗਊ ਬਖ਼ਸ਼ੀ

ਹੈ, ਮੈਂ ਤੇ ਇਵੇਂ ਸੋਚਿਆ ਵੀ ਨਹੀਂ ਸੀ ਕਿ ਇਸ ਤਰ੍ਹਾਂ ਆਪ ਜੀ ਕਿਰਪਾ ਕਰੋਗੇ ਆਪ ਜੀ ਧੰਨ ਹੋ। ਸਤਿਗੁਰੂ ਸੱਚੇ ਪਾਤਸ਼ਾਹ ਸਹਿਜ ਅਤੇ ਗੰਭੀਰ ਹੋ ਬਚਨ ਕੀਤਾ" ਐ ਜਿੰਨਾ ਕੁਝ, ਗਊਆਂ, ਧਨ-ਪਦਾਰਥ ਹੈ, ਇਹ ਸਭ ਕੁਝ ਤੁਹਾਡਾ ਹੀ ਹੈ ਅਤੇ ਜੋ ਕੁਝ ਤੁਹਾਡੇ ਘਰਾਂ 'ਚ ਹੈ, ਉਹ ਸਭ ਕੁਝ ਮੇਰਾ ਹੈ। ਤੁਸੀਂ ਮੇਰਾ ਆਪਣਾ ਪਰਿਵਾਰ ਹੋ, ਪ੍ਰੇਸ਼ਾਨ ਨਹੀਂ ਹੋਣਾ, ਜਦੋਂ ਵੀ ਕੋਈ ਲੋੜ ਪਵੇ ਬੇਝਿਜਕ ਹੋ ਕੇ ਆ ਜਾਇਆ ਕਰੋ। ਇਸ ਤਰ੍ਹਾਂ ਦਾ ਹੈ। ਸਾਡਾ ਸਿੱਖਾਂ ਦਾ ਸਤਿਗੁਰੂ।

ਜਿਨ੍ਹਾਂ ਨੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰਸ਼ਨ ਕੀਤੇ ਹਨ। ਉਹ ਜਾਣਦੇ ਹਨ ਕਿ ਸੱਚੇ ਪਾਤਸ਼ਾਹ ਨੂੰ ਸਭ ਤੋਂ ਵੱਧ ਖ਼ੁਸ਼ ਵੇਖੀਦਾ ਸੀ ਲੰਗਰ ਵਰਤਾਉਂਦਿਆਂ। ਪੰਗਤਾਂ ਵਿੱਚ ਕੜਾਹ ਪ੍ਰਸ਼ਾਦ ਬੂੰਦੀ, ਜਲੇਬ ਆਦਿ ਪ੍ਰਸ਼ਾਦ ਵਰਤਾਉਂਦਿਆਂ- ਪਾਤਸ਼ਾਹ ਜੀ ਨੇ ਵੇਖਣਾ ਕੇ ਐ ਸਿੰਘ ਖੁੱਲ੍ਹੇ ਗੱਫ਼ੇ ਛਕ ਸਕਦਾ ਹੈ ਤਾਂ ਇੱਕ ਵਰਤਾਰਾ ਪਾ ਗਏ ਬਚਨ ਕਰਨਾ ਪਛਾਣਿਆ ਨਹੀਂ ਤੈਨੂੰ? ਉਤਾਂਹ ਨੂੰ ਧਿਆਨ ਕਰ। ਉਸ ਨੇ ਉੱਪਰ ਵੇਖਣਾ ਤਾਂ ਆਪ ਜੀ ਨੇ ਉਸਨੂੰ ਪਦਾਰਥ ਦਾ ਇੱਕ ਹੋਰ ਵਰਤਾਰਾ ਪਾ ਦੇਣਾ। ਇਸ ਤਰ੍ਹਾਂ ਦੀਆਂ ਹੋਰ ਵੀ ਸਾਖੀਆਂ ਸੁਣਾ ਕੇ ਸਮਾਪਤ ਕੀਤਾ।

ਸੇਵਕ ਹਰਪਾਲ ਸਿੰਘ ਦੇ ਵਖਿਆਣ ਉਪਰੰਤ ਸਰਮੁਖ ਸਿੰਘ ਨੇ ਸੰਗਤ ਨੂੰ ਸੂਚਿਤ ਕੀਤਾ ਕਿ ਅੱਜ ਦੇ ਲੰਗਰ ਦੀ ਸੇਵਾ ਸੁਖਬੀਰ ਸਿੰਘ ਫੌਜੀ, ਨਰਿੰਦਰ ਸਿੰਘ, ਗੁਰਪਿੰਦਰ ਸਿੰਘ ਅਤੇ ਅਨਮੋਲਕ ਸਿੰਘ ਵਲੋਂ ਹੈ। ਸੰਗਤ ਉਨ੍ਹਾਂ ਦੀ ਗੱਡੀ ਦੇ ਮਗਰ ਗੱਡੀਆਂ ਲਾ ਕੇ ਜਾ ਕੇ ਲੰਗਰ ਛਕਣ। ਸ੍ਰੀ ਸਤਿਗੁਰੂ ਜੀ ਦਾ ਅਤੇ ਸੋਧੀਆਂ ਦਾ ਲੰਗਰ ਰਵਿੰਦਰ ਸਿੰਘ ਬਾਂਸਲ ਦੇ ਗ੍ਰਹਿ ਵਿਖੇ ਸੀ। ਸ਼ਾਮ ਦਾ ਨਾਮ ਸਿਮਰਨ ਅਤੇ ਕੀਰਤਨ ਨਹੀਂ ਹੋਵੇਗਾ ਕਿਉਂਕਿ ਅੱਜ ਸ੍ਰੀ ਸਤਿਗੁਰੂ ਜੀ ਸੰਗਤਾਂ ਸਹਿਤ Turkey Rum State Park ਵਿੱਚ ਕਿਰਪਾ ਕਰਨਗੇ।

ਉਪਰੰਤ ਦੂਸਰੀ ਸਤਿਗੁਰੂ ਜੀ ਡੇਰੇ ਆ ਕੇ ਕੁਝ ਸਮੇਂ ਬਾਅਦ ਗੁਰਪਿੰਦਰ ਸਿੰਘ ਗਿੱਲ ਦੇ ਘਰ ਦਰਸ਼ਨ ਦਿੱਤੇ, ਸਭ ਨੇ ਜਲ-ਪਾਣ ਕੀਤਾ ਅਤੇ ਇੱਥੋਂ ਹੀ ਸ੍ਰੀ ਸਤਿਗੁਰੂ ਜੀ ਦੇ ਨਾਲ ਸੰਗਤ ਦਾ ਗੱਡੀਆਂ ਦਾ ਕਾਫ਼ਲਾ ਪਾਰਕ ਵਾਸਤੇ ਰਵਾਨਾ ਹੋਇਆ। ਬਹੁਤ ਵੱਡਾ, ਲੰਬੀ ਹਾਈਕਿੰਗ, ਉੱਚੀਆਂ ਨੀਵੀਆਂ ਔਘਰ ਘਾਟੀਆਂ, ਆਕਾਸ਼ ਛੂੰਹਦੇ ਸੰਘਣੇ ਰੁੱਖ, ਕੁਦਰਤ ਦੇ ਮਨਮੋਹਕ ਦ੍ਰਿਸ਼ ਹਨ। ਸਾਰਾ ਪੈਂਡਾ ਜਿਗਰੇ ਵਾਲਾ ਹੀ ਪੂਰਾ ਕਰਦਾ ਹੈ। ਕਈਆਂ ਅੱਧ-ਪੁਚੱਦ ਅਤੇ ਕਈਆਂ ਨੇ ਥੱਕਿਆਂ ਹਾਰਿਆਂ ਟ੍ਰੈਕ ਪੂਰਾ ਕੀਤਾ ਪਰ ਸ੍ਰੀ ਸਤਿਗੁਰੂ ਜੀ ਨੌਜਵਾਨਾਂ ਨਾਲ ਹਾਸ-ਵਿਲਾਸ ਕਰਦਿਆਂ ਤੇਜ਼ ਰਫ਼ਤਾਰ ਨਾਲ ਟ੍ਰੈਕਿੰਗ ਪੂਰੀ ਕੀਤੀ। ਅਖੀਰ ਖੁੱਲ੍ਹੀ ਜਗ੍ਹਾ ਬੈਠ ਕੇ ਬੱਚਿਆਂ, ਨੌਜਵਾਨਾਂ ਨਾਲ ਬਚਨ ਬਿਲਾਸ ਕੀਤੇ। ਸੰਗਤਾਂ ਨੇ ਸ੍ਰੀ ਸਤਿਗੁਰੂ ਜੀ ਨਾਲ ਤਸਵੀਰਾਂ ਖਿਚਵਾਈਆਂ। ਅਨਮੋਲਕ ਸਿੰਘ ਦੇ 7-8 ਸਾਲ ਦੇ ਬੇਟੀ ਅਮਰ ਕੌਰ ਨੇ ਸ੍ਰੀ ਸਤਿਗੁਰੂ ਜੀ ਦੇ ਸਨਮੁਖ ਸਤਿਗੁਰੂ ਰਾਮ ਸਿੰਘ ਜੀ ਦੀ ਮਾਨਾਂਵਾਲੇ ਹੋਲੇ ਦੀ ਸਾਖੀ ਸੁਣਾਈ। ਪਾਰਕ ਵਿਚ ਸੰਗਤ ਵਾਸਤੇ ਲੰਗਰ ਦੀ ਸੇਵਾ ਬਲਬੀਰ ਸਿੰਘ ਬਿੱਟੂ ਅਤੇ ਸੁਰਿੰਦਰ ਸਿੰਘ ਪਰਿਵਾਰ ਵੱਲੋਂ ਕੀਤੀ ਗਈ। ਵੱਡੀ ਗੱਡੀ ਵਿੱਚ ਖਾਣ ਪੀਣ ਦਾ ਸਾਮਾਨ ਅਤੇ ਭੱਠੀਆਂ ਵੱਡੇ ਬਰਤਨ ਲਿਆ ਕੇ ਇੱਥੇ ਹੀ ਤਾਜ਼ਾ ਸਾਮਾਨ ਬਣਾ ਕੇ ਸੰਗਤ ਨੂੰ ਛਕਾਇਆ। ਸ੍ਰੀ ਸਤਿਗੁਰੂ ਜੀ ਨੇ ਸੇਵਾ ਕਰ ਰਹੇ ਸੇਵਾਦਾਰਾਂ ਸਿੰਘਾਂ ਅਤੇ ਬੀਬੀਆਂ ਨੂੰ ਦਰਸ਼ਨ ਦਿੱਤੇ ਖੁਸ਼ੀਆਂ ਬਖ਼ਸ਼ੀਆਂ।

**14 ਜੁਲਾਈ ਵੀਰਵਾਰ** ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਆਸਾ ਦੀ ਵਾਰ ਦਾ ਕੀਰਤਨ ਹਿੰਦੂ ਮੰਦਰ ਦੇ ਵੱਡੇ ਹਾਲ ਵਿੱਚ ਹੀ ਹੋਇਆ। ਆਸਾ ਦੀ ਵਾਰ ਦੇ ਭੋਗ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਕੁਝ ਬਾਹਰੋਂ ਆਏ ਪਤਵੰਤੇ ਸੱਜਣਾਂ ਨੂੰ ਯਾਦਗਾਰੀ ਚਿੰਨ੍ਹ ਖੰਡਾ ਦੇ ਕੇ ਨਿਵਾਜ਼ਿਆ। ਇਹ ਖੰਡੇ ਇੰਡੀਆਨਾ ਪੋਲਿਸ ਦੀ ਸੰਗਤ ਵੱਲੋਂ ਇਤਿਹਾਸਕ ਸ਼ਤਾਬਦੀਆਂ ਨੂੰ ਸਮਰਪਿਤ ਤਿਆਰ ਕਰਵਾਏ ਗਏ ਹਨ। ਸਮੇਤ ਸਟੈਂਡ ਕਰੀਬ ਇੱਕ ਫੋਟੋ ਉਚਾਈ ਦਾ ਸਟੇਨਲੈੱਸ ਸਟੀਲ ਦਾ ਸੁੰਦਰ ਖੰਡਾ ਜਿਸਦੇ ਲੇਜ਼ਰ ਦੁਆਰਾ ਲਿਖਿਆ ਗਿਆ ਹੈ-

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ
150 ਵਾਂ ਵਰ੍ਹਾ
ਪ੍ਰਦੇਸ ਗਮਨ
ਸ੍ਰੀ ਸਤਿਗੁਰੂ ਰਾਮ ਸਿੰਘ ਜੀ
ਨਾਮਧਾਰੀ ਸ਼ਹੀਦੀ ਸਾਕਾ
ਮਲੇਰਕੋਟਲਾ
1872-2022

ਉਪਰੰਤ ਸ੍ਰੀ ਸਤਿਗੁਰੂ ਜੀ ਨੇ ਸੰਗਤਾਂ ਪ੍ਰਤੀ ਉਪਦੇਸ਼ ਦੇਣ ਦੀ ਕਿਰਪਾ ਕੀਤੀ।

**ਸਦ ਉਪਦੇਸ਼-** ਪਰਮ ਸਤਿਕਾਰਯੋਗ ਸਾਧ-

ਸੰਗਤ ਜੀ ਆਪ ਜੀ ਦੇ ਦਰਸ਼ਨ ਕਰਨ ਦਾ 7-8 ਦਿਨ ਤੋਂ ਸੁਭਾਗ ਪ੍ਰਾਪਤ ਹੋਇਆ ਹੈ। ਪਹਿਲਾਂ ਨਿਊਯਾਰਕ ਵਿੱਚ ਫੇਰ ਏਥੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਇਹ ਫੁਲਵਾੜੀ ਵੇਖ ਕੇ ਬਹੁਤ ਚੰਗਾ ਲੱਗਦਾ ਹੈ। ਤੁਸੀਂ ਸਵੇਰ ਤੋਂ ਛੋਟੇ ਛੋਟੇ ਬੱਚਿਆਂ ਨੂੰ ਲੈ ਕੇ ਆਸਾ ਦੀ ਵਾਰ 'ਚ ਆਉਂਦੇ ਹੋ ਸ਼ਾਮ ਨੂੰ ਨਾਮ ਸਿਮਰਨ ਵਿੱਚ ਆਉਂਦੇ ਹੋ।

ਇੱਕ ਦਿਨ ਬੈਠਿਆਂ ਬੱਚਿਆਂ ਤੋਂ ਗੁਰਬਾਣੀ ਸੁਣ ਰਹੇ ਸਾਂ ਇੱਕ ਬੱਚੇ ਨੇ ਰਹਿਤਨਾਮਾ ਵੀ ਸੁਣਾਇਆ। ਮੈਂ ਇੱਕ ਗੱਲ ਤੁਹਾਡੇ ਨਾਲ ਸਾਂਝੀ ਕਰਨੀ ਚਾਹੁੰਦਾ ਹਾਂ ਕਿ ਤੁਸੀਂ ਇੱਥੇ ਜਿਹੜੇ ਬੈਠੇ ਹੋ ਬਹੁਤੇ ਫਸਟ ਜਨਰੇਸ਼ਨ ਇਮੀਗ੍ਰੇਟ ਹੋ, ਜਦੋਂ ਕਿ ਇੱਥੇ ਰਹਿੰਦਿਆਂ ਹੋਇਆਂ ਅੱਗੇ ਜ਼ਿੰਦਗੀ ਵਿੱਚ ਤੁਹਾਨੂੰ ਕੁਝ ਚੈਲੇਂਜ ਆਉਣਗੇ। ਤੁਹਾਡੇ ਬੱਚਿਆਂ ਦੀ ਅੱਪ ਬਰਿਗਿੰਵ ਵਿਚ ਚੈਲੇਂਜ ਆਉਣਗੇ। ਆਪਾਂ ਨੂੰ ਉਸ ਚੀਜ਼ ਵਾਸਤੇ ਸਾਵਧਾਨ ਹੋਣਾ ਚਾਹੀਦਾ ਹੈ, ਤਿਆਰ ਰਹਿਣਾ ਚਾਹੀਦਾ ਹੈ। ਕਿਉਂਕਿ ਪਹਿਲਾਂ ਆਪਾਂ ਤਿਆਰ ਹੋਵਾਂਗੇ ਫੇਰ ਉਨ੍ਹਾਂ ਬੱਚਿਆਂ ਨੂੰ ਤਿਆਰ ਕਰਾਂਗੇ। ਸਾਡਾ ਇਹ ਜੀਅ ਕਰਦਾ ਹੈ ਕਿ ਇਹ ਬੜੀ ਪਿਆਰੀ ਸਿੱਖੀ, ਇਸ ਸਿੱਖੀ ਦੇ ਬੜੇ ਪਿਆਰੇ ਅਸੂਲ, ਸਤਿਗੁਰੂ ਨਾਨਕ ਦੇਵ ਸੱਚੇ ਪਾਤਸ਼ਾਹ ਤੋਂ ਬਖਸ਼ਿਸ਼ ਹੋਈ ਅਤੇ ਇਹ ਖਾਲਸਾ ਰੂਪ ਬਣਾਇਆ ਦਸਵੇਂ ਪਾਤਸ਼ਾਹ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਨੇ ਅਤੇ ਇਸ ਮੁਰਝਾ ਚੁੱਕੀ ਸਿੱਖੀ ਨੂੰ ਮੁੜ ਸੁਰਜੀਤ ਕੀਤਾ। ਸਤਿਗੁਰੂ ਰਾਮ ਸਿੰਘ ਜੀ ਨੇ ਸਾਡੇ ਤੇ ਕਿਰਪਾ ਕੀਤੀ ਬੜੇ ਹੀ ਪਿਆਰ ਨਾਲ ਉਸ ਪਿਤਾ ਰੂਪ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਨੂੰ ਧੰਨ ਆਖੀਏ ਧੰਨ ਸਤਿਗੁਰੂ ਜਗਜੀਤ ਸਿੰਘ।

ਅੱਜ ਦੇ ਸਮੇਂ ਵਿੱਚ ਧਰਮਾਂ ਦੇ ਨਾਮ ਤੇ ਬੜੇ ਭੁਲੇਖੇ ਨੇ, ਧਰਮਾਂ ਦੇ ਨਾਮ ਤੇ ਬੜੇ ਵਹਿਮ ਨੇ, ਬੜੀਆਂ ਲੜਾਈਆਂ ਨੇ ਪਰ ਗੁਰੂ ਨਾਨਕ ਦਾ ਧਰਮ ਬੜਾ ਆਧੁਨਿਕ ਵੀ ਹੈ ਅਤੇ ਯੂਨੀਵਰਸਲ ਵੀ ਹੈ। ਇੱਥੇ ਸਾਡੇ ਵਿਚ ਮੰਦਰ ਵਾਲੇ ਹਿੰਦੂ ਭਰਾ ਆਏ ਨੇ, ਹੋਰ ਸਿੱਖ ਵੀਰ ਵੀ ਬਾਹਰੋਂ ਆਏ ਨੇ। ਉਨ੍ਹਾਂ ਨਾਲ ਬੈਠ ਕੇ ਬਹੁਤ ਚੰਗਾ ਲੱਗਦਾ ਹੈ। ਨਾਮ ਅਸੀਂ ਇਕ ਉਸ ਪ੍ਰਭੂ ਦਾ ਜਪਣਾ ਹੈ। ਜਿਸ ਨਾਲ ਸਾਨੂੰ ਗੁਰੂ ਨਾਨਕ ਦੇਵ ਨੇ ਜੋੜਿਆ ਹੈ। ਉਹ ਜਾਤਾਂ ਪਾਤਾਂ ਅਤੇ ਧਰਮਾਂ ਦੀਆਂ ਲੀਕਾਂ ਤੋਂ ਬਹੁਤ ਦੂਰ ਹੈ।

ਸੋ ਮੈਂ ਗੱਲ ਕਰ ਰਿਹਾ ਸੀ ਅਗਲੀ ਜਨਰੇਸ਼ਨ ਦੀ, ਬੱਚੇ ਇਸ ਦੇਸ਼ ਦਾ ਵੀ ਫਿਊਚਰ ਹੁੰਦੇ ਨੇ ਮਾਤਾ ਪਿਤਾ ਦਾ ਵੀ ਭਵਿੱਖ ਹੁੰਦੇ ਨੇ। ਅਸੀਂ ਆਪਣੀ ਜ਼ਿੰਦਗੀ ਦਾ ਬਹੁਤਾ ਹਿੱਸਾ ਬੱਚਿਆਂ ਵਾਸਤੇ ਜਿਊਂਦੇ ਹਾਂ। ਮੇਰੇ ਪਿਤਾ ਸਤਿਗੁਰੂ ਜੀ ਜਗਜੀਤ ਸਿੰਘ ਜੀ ਹਮੇਸ਼ਾਂ ਇਹ ਬਚਨ ਕਰਿਆ ਕਰਦੇ ਸਨ ਕਿ ਤੁਹਾਡਾ ਇਹ ਜੀਅ ਕਰਦਾ ਹੈ ਕਿ ਸਾਡੇ ਬੱਚੇ ਸਾਡੇ ਨਾਲੋਂ ਜ਼ਿਆਦਾ ਪੜ੍ਹਨ-ਲਿਖਣ, ਸਾਡੇ ਨਾਲੋਂ ਵੱਡਾ ਘਰ ਹੋਵੇ, ਸਾਡੇ ਨਾਲੋਂ ਜ਼ਿਆਦਾ ਪੈਸਾ ਹੋਵੇ। ਕਿਰਪਾ ਤਾਂ ਮਾਲਕ ਨੇ ਕਰਨੀ ਹੈ, ਪਰ ਸਾਡਾ ਇਹ ਵੀ ਜੀਅ ਕਰਨਾ ਚਾਹੀਦਾ ਹੈ ਸਾਡੇ ਬੱਚੇ, ਸਾਡੇ ਨਾਲੋਂ ਚੰਗੇ ਸਿੱਖ ਹੋਣ, ਚੰਗੇ ਇਨਸਾਨ ਹੋਣ। ਜਦੋਂ ਬੱਚੇ ਚੰਗੇ ਸਿੱਖ ਬਣ ਜਾਣਗੇ ਇਨਸਾਨੀਅਤ ਆਪੇ ਹੀ ਵਿੱਚ ਆ ਜਾਣੀ ਹੈ। ਕੋਈ ਵੀ ਮਾੜਾ ਇਨਸਾਨ ਚੰਗਾ ਸਿੱਖ ਬਣ ਹੀ ਨਹੀਂ ਸਕਦਾ। ਇਕ ਸਿੱਖ ਕਦੇ ਬੇਈਮਾਨੀ ਨਹੀਂ ਕਰਦਾ, ਇੱਕ ਸਿੱਖ ਜਾਣ ਬੁੱਝ ਕੇ ਕਿਸੇ ਨੂੰ ਦੁਖੀ ਨਹੀਂ ਕਰਦਾ, ਝੂਠ ਨਹੀਂ ਬੋਲਦਾ, ਕਿਸੇ ਦਾ ਨੁਕਸਾਨ ਨਹੀਂ ਕਰਦਾ।

ਸਤਿਗੁਰੂ ਪ੍ਰਤਾਪ ਸਿੰਘ ਜੀ ਬਚਨ ਕਰਦੇ ਹਨ ਕਿ ਸਿੱਖ ਕਦੇ ਬੇਈਮਾਨੀ ਨਹੀਂ ਕਰਦਾ, ਜੇ ਬੇਈਮਾਨੀ ਕਰਦਾ ਹੈ ਤਾਂ ਸਿੱਖ ਨਹੀਂ ਰਹਿ ਜਾਂਦਾ। ਦੋ ਬਚਨਾਂ ਵਿੱਚ ਕਿੱਡੀ ਵੱਡੀ ਸਟੇਟਮੈਂਟ ਹੈ।

ਸਿੱਖੀ ਦਾ ਫ਼ਲਸਫ਼ਾ ਕੀ ਹੈ? ਕਿ ਅਸੀਂ ਕਿਸੇ ਵੀ ਗੁਰੂ ਨੂੰ ਮੰਨੀਏ। ਭਾਵੇਂ ਕੋਈ ਗੁਰੂ ਇੱਕ ਨੂੰ ਮੰਨਦਾ ਹੈ ਦਸਾਂ ਜਾਂ ਬਾਰਾਂ ਨੂੰ ਮੰਨਦਾ ਹੈ। ਅਸੀਂ ਕਿਸੇ ਸਾਧੂ-ਸੰਤ ਨੂੰ ਮੰਨਦੇ ਹਾਂ ਪਰ ਮੈਂ ਸਮਝਦਾ ਹਾਂ ਕਿ ਸਾਨੂੰ ਸਾਰਿਆਂ ਨੂੰ ਜੋੜਨ ਵਾਲੀ ਗੁਰਬਾਣੀ ਹੈ। ਗੁਰਬਾਣੀ ਦਾ ਦਾਇਰਾ ਏਡਾ ਵੱਡਾ ਹੈ ਕਿ ਜਿਸ ਵਿੱਚ ਸਿਰਫ਼ ਸਿਖ ਹੀ ਨਹੀਂ ਉਸ ਵਿਚ ਹਿੰਦੂ, ਮੁਸਲਮਾਨ, ਈਸਾਈ ਹਰ ਇਨਸਾਨ ਨੂੰ ਜੋੜ ਲੈਂਦੀ ਹੈ। ਗੁਰਬਾਣੀ ਕਿਸੇ ਇਕ ਸਿੱਖ ਧਰਮ ਵਾਸਤੇ ਨਹੀਂ ਹਰ ਧਰਮ ਵਾਸਤੇ ਹੈ। ਸਮੁੱਚੀ ਮਾਨਵਤਾ ਵਾਸਤੇ ਹੈ। ਇਹ ਚੀਜ਼ਾਂ ਆਪਾਂ ਬੱਚਿਆਂ ਨੂੰ ਕਿਸ ਤਰ੍ਹਾਂ ਸਮਝਾਉਣੀਆਂ ਨੇ ਚੰਗੀ ਗੱਲ ਹੈ ਕਿ ਤੁਹਾਡੇ ਬੱਚਿਆਂ ਨੇ ਗੁਰਬਾਣੀ ਦੀ ਇੱਕ ਪਉੜੀ ਯਾਦ ਕਰ ਲਈ ਦੋ ਯਾਦ ਕਰ ਲਈਆਂ। ਛੋਟੇ ਬੱਚੇ ਨੇ ਤੁਸੀਂ ਉਨ੍ਹਾਂ ਨੂੰ ਰੱਟਾ ਲਵਾ ਲਿਆ। ਪਰ ਜਿਵੇਂ ਜਿਵੇਂ ਬੱਚਿਆਂ ਨੇ ਗਰੋਅ ਕਰਨਾ ਹੈ, ਵੱਡਿਆਂ ਹੋਣਾ ਹੈ। ਤੁਸੀਂ ਉਨ੍ਹਾਂ ਨੂੰ ਬਾਹਰਲੀ ਦੁਨੀਆਂ ਤੋਂ ਅਲੱਗ ਨਹੀਂ ਰੱਖ ਸਕਦੇ। ਬੱਚਿਆਂ ਨੇ ਤੁਹਾਨੂੰ ਸਵਾਲ ਪੁੱਛਣੇ ਹਨ। ਤੁਸੀਂ ਆਪ ਇਸ ਵਾਸਤੇ ਤਿਆਰ ਹੋਵੋਗੇ ਕਿ ਸਾਡਾ ਇਤਿਹਾਸ ਕਿੰਨਾ ਉੱਚਾ ਹੈ, ਸਾਡੇ

ਸਤਿਗੁਰੂ ਸਾਹਿਬਾਨ ਨੇ, ਸਾਡੇ ਸ਼ਹੀਦਾਂ ਨੇ ਕਿੰਨੀਆਂ ਕੁਰਬਾਨੀਆਂ ਕੀਤੀਆਂ ਨੇ ਇਸ ਸਿੱਖੀ ਵਾਸਤੇ ਸੱਚ ਦੀ ਲੜਾਈ ਵਾਸਤੇ। ਭਾਵੇਂ ਗੁਰੂ ਗੋਬਿੰਦ ਸਿੰਘ ਸਰਬੰਸਦਾਨੀ ਸੱਚੇ ਪਾਤਸ਼ਾਹ ਨੇ ਕਿੰਨੀ ਕਿਰਪਾ ਕੀਤੀ ਅਤੇ ਸਤਿਗੁਰੂ ਰਾਮ ਸਿੰਘ ਜੀ ਨੇ ਪਰਦੇਸ ਗਮਨ ਦਾ ਅਤੇ ਸ਼ਹੀਦੀ ਸਾਕਿਆਂ ਦਾ ਅਸੀਂ 150 ਸਾਲਾਂ ਮਨਾ ਰਹੇ ਹਾਂ। ਉਨ੍ਹਾਂ ਸੱਚ ਵਾਸਤੇ ਧਰਮ ਵਾਸਤੇ ਦੇਸ਼ ਦੀ ਆਜ਼ਾਦੀ ਵਾਸਤੇ ਕੌਮ ਵਾਸਤੇ ਕਿਸ ਤਰ੍ਹਾਂ ਕੁਰਬਾਨੀਆਂ ਦਿੱਤੀਆਂ।

ਅਸੀਂ ਆਪ ਗੁਰਬਾਣੀ ਪੜ੍ਹੀਏ ਬੱਚਿਆਂ ਨੂੰ ਪੜ੍ਹਾਈਏ। ਗੁਰਬਾਣੀ ਦਾ ਸੱਚਾ ਸਤਿਕਾਰ ਮੈਂ ਸਮਝਦਾ ਹਾਂ ਇਹ ਹੀ ਹੈ ਕਿ ਅਸੀਂ ਗੁਰਬਾਣੀ ਅਨੁਸਾਰ ਚੱਲ ਸਕੀਏ। ਗੁਰਬਾਣੀ ਤਾਂ ਇੰਨੀ ਉੱਚੀ ਹੈ ਕੇ ਜੇ ਸਾਡੇ ਅੰਦਰ ਇਕ ਤੁਕ ਵੀ ਵੱਸ ਗਈ ਤਾਂ ਸਾਡਾ ਕਲਿਆਣ ਹੋ ਗਿਆ। ਅੱਜ ਰਾਗੀ ਸਿੰਘ ਇੱਕ ਸ਼ਬਦ ਗਾ ਰਹੇ ਸੀ ਕਿ ਜਿਸ ਦਿਨ ਤੂੰ ਵਿਸਰ ਗਿਆ ਉਸ ਦਿਨ ਮੇਰੀ ਮੌਤ ਹੈ। ਜਦੋਂ ਤੂੰ ਯਾਦ ਆਉਂਦਾ ਹੈ, ਉਸ ਨਾਲ ਹੀ ਮੇਰਾ ਜੀਵਨ ਹੈ। ਪਾਰਬ੍ਰਹਮ ਜਿਹੜਾ ਸਭ ਨੂੰ ਦੇਣ ਵਾਲਾ ਹੈ ਉਹ ਯਾਦ ਰਹੇ। ਪਹਿਲਾਂ ਅਸੀਂ ਆਪ ਸਿੱਖੀ ਵਿੱਚ ਦ੍ਰਿੜ੍ਹ ਹੋਈਏ ਫੇਰ ਅਸੀਂ ਉਹ ਕਦਰਾਂ ਕੀਮਤਾਂ ਉਹ ਸਿੱਖੀ ਅਸੀਂ ਆਪਣੇ ਬੱਚਿਆਂ ਨੂੰ ਦੇ ਸਕੀਏ। ਇਹ ਗੁਰੂ ਨਾਨਕ ਦੀ ਫੁਲਵਾੜੀ ਹੈ, ਸਤਿਗੁਰੂ ਰਾਮ ਸਿੰਘ ਦੀ ਵਾੜੀ ਹੈ, ਇਹ ਇਸੇ ਤਰ੍ਹਾਂ ਖਿੜੀ ਰਹੇ, ਇਸ ਵਿੱਚੋਂ ਸੁਗੰਧ ਆਵੇ ਜਿਹੜਾ ਵੀ ਇਸ ਦੇ ਨੇੜੇ ਆਵੇ ਇਸ ਸੁਗੰਧੀ ਨਾਲ ਉਸ ਦੇ ਮਨ ਨੂੰ ਸ਼ਾਂਤੀ ਆਵੇ। ਸਾਡੇ ਆਪਣੇ ਮਨ ਵਿਚ ਅਨੰਦ ਹੋਵੇ। ਉਸ ਆਨੰਦ ਨਾਲ ਓਸ ਸੌਖ ਨਾਲ ਅਸੀਂ ਦੂਸਰਿਆਂ ਨੂੰ ਵੀ ਜੋੜ ਸਕੀਏ। ਇੱਥੋਂ ਹੀ ਸਾਰੀ ਸੰਗਤ ਦਾ ਧੰਨਵਾਦ ਦੀ ਅਰਦਾਸ ਵੀ ਹੈ ਕਿ ਸੱਚੇ ਪਾਤਸ਼ਾਹ ਕਿਰਪਾ ਕਰਨ ਖ਼ੁਸ਼ੀਆਂ ਬਖ਼ਸ਼ਣ ਸਿੱਖੀ ਵੀ ਬਖ਼ਸ਼ਣ ਉਨ੍ਹਾਂ ਦੀ ਇਹ ਸਿੱਖੀ ਇਸੇ ਤਰ੍ਹਾਂ ਵਧਦੀ ਰਹੇ ਇੰਨੀਂ ਅਰਜ਼ਾਂ ਬੇਨਤੀਆਂ ਕਰਕੇ ਆਗਿਆ ਲੈਂਦਾ ਹਾਂ।

ਸ੍ਰੀ ਸਤਿਗੁਰੂ ਜੀ ਦੇ ਉਪਦੇਸ਼ ਉਪਰੰਤ ਕੁਝ ਹੋਰ ਪਤਵੰਤੇ ਸੱਜਣਾਂ ਨੂੰ ਸਨਮਾਨ ਚਿੰਨ੍ਹ ਬਖ਼ਸ਼ੇ। ਇੰਡਿਆਨਾ ਦੀ ਸੰਗਤ ਵੱਲੋਂ ਸੁਖਬੀਰ ਸਿੰਘ ਸੰਧੂ ਅਤੇ ਗੁਰਪਿੰਦਰ ਸਿੰਘ ਨੇ ਵਿਸ਼ੇਸ਼ ਯਾਦਗਾਰੀ ਚਿੰਨ੍ਹ ਸ੍ਰੀ ਸਤਿਗੁਰੂ ਜੀ ਨੂੰ ਅਤੇ ਮਾਤਾ ਜੀ ਨੂੰ ਅਰਪਣ ਕੀਤੇ ਗਏ ਜੋ ਕੇ ਸਤਿਗੁਰੂ ਰਾਮ ਸਿੰਘ ਜੀ ਦੀ ਰੰਗੂਨ ਬੰਗਲੇ ਵਿਚ ਭਾਈ ਨਾਨੂੰ ਸਿੰਘ ਸਹਿਤ ਤਸਵੀਰ ਜੋ ਕਿ ਪਰਦੇਸ ਗਮਨ ਦੇ 150 ਵੇਂ ਵਰ੍ਹੇ ਨੂੰ ਸਮਰਪਿਤ ਹੈ ਅਤੇ ਦੂਸਰੀ ਸ਼ਹੀਦੀ ਸਾਕਾ ਮਾਲੇਰਕੋਟਲਾ ਦੀ ਪੇਂਟਿੰਗ ਲੇਜ਼ਰ ਟੈਕਨੀਕ ਦੁਆਰਾ ਕ੍ਰਿਸਟਲ ਕਿਊਬ ਵਿਚ 3-D ਪੇਂਟਿੰਗ ਬਣੀ ਹੈ। ਉਪਰੰਤ ਇੱਥੋਂ ਦੇ ਨੌਜਵਾਨਾਂ ਨੇ ਸ੍ਰੀ ਸਤਿਗੁਰੂ ਜੀ ਦੇ ਨਾਲ ਯਾਦਗਾਰੀ ਤਸਵੀਰ ਖਿਚਵਾਈ। ਆਸਾ ਦੀ ਵਾਰ ਤੋਂ ਬਾਅਦ ਸ੍ਰੀ ਸਤਿਗੁਰੂ ਜੀ ਫਿਸ਼ਰ ਏਰੀਏ 'ਚ ਬਲਵੰਤ ਸਿੰਘ ਸਪੁੱਤਰ ਸੰਤ ਮਹਿੰਦਰ ਸਿੰਘ ਦੇ ਘਰ ਚਰਨ ਪਾਏ ਅਤੇ ਸੰਤ ਮਹਿੰਦਰ ਸਿੰਘ ਜੀ ਦੀ ਸਪੁੱਤਰੀ ਦੇ ਗ੍ਰਹਿ ਵਿਖੇ ਕਿਰਪਾ ਕੀਤੀ।

ਡੇਰੇ ਆ ਕੇ ਸ੍ਰੀ ਸਤਿਗੁਰੂ ਜੀ ਨੇ ਸ. ਦਰਸ਼ਨ ਸਿੰਘ ਦੇ ਗੁਆਂਢ ਗੁਰਵਿੰਦਰ ਸਿੰਘ ਦੇ ਘਰ ਚਰਨ ਪਾਏ। ਇਸ ਦੇ ਘਰੋਂ ਬੀਬੀ ਮਨਦੀਪ ਕੌਰ ਹੈ। ਇਨ੍ਹਾਂ ਦੇ ਪਿਤਾ ਸ. ਸਵਿੰਦਰ ਸਿੰਘ ਜ਼ਿਲ੍ਹਾ ਕਰਨਾਲ ਤੋਂ ਹਨ। ਉਹ ਕੁਝ ਮਹੀਨੇ ਇਥੇ ਰਹਿ ਕੇ ਗਏ ਹਨ, 11 ਜੁਲਾਈ ਨੂੰ ਹੀ ਜਿਸ ਦਿਨ ਸ੍ਰੀ ਸਤਿਗੁਰੂ ਜੀ ਇੱਥੇ ਦਰਸ਼ਨ ਦੇਣੇ ਸਨ, ਕੁਝ ਘੰਟੇ ਪਹਿਲਾਂ ਹੀ ਉਨ੍ਹਾਂ ਦੀ ਵਾਪਸੀ ਭਾਰਤ ਦੀ ਫਲਾਈਟ ਬੁੱਕ ਸੀ। ਉਨ੍ਹਾਂ ਦੀ ਬੜੀ ਇੱਛਾ ਸੀ ਕਿ ਦਰਸ਼ਨ ਕਰਦੇ ਪਰ ਫਲਾਈਟ ਪਹਿਲਾਂ ਹੀ ਬੁੱਕ ਸੀ, ਜਾਣਾ ਪਿਆ, ਪਰ ਉਹ ਪੱਕੀ ਕਰ ਕੇ ਗਏ ਕਿ ਸ੍ਰੀ ਸਤਿਗੁਰੂ ਜੀ ਦੇ ਚਰਨ ਜ਼ਰੂਰ ਘਰ ਪਵਾਇਓ।

ਸ. ਸਵਿੰਦਰ ਸਿੰਘ ਦੱਸਦੇ ਸਨ ਕਿ ਸਾਡਾ ਵੀ ਪਿਛੋਕੜ ਕੂਕਿਆਂ ਦਾ ਹੀ ਹੈ, ਅਜੇ ਵੀ ਅਸੰਧ ਦੇ ਸੂਬਾ ਅਮਰੀਕ ਸਿੰਘ ਜੀ ਉਗਰਾਈ ਲੈਣ ਸਾਡੇ ਘਰ ਆਇਆ ਕਰਦੇ ਹਨ। ਸੋ ਸੁਦਰਸ਼ਨ ਸਿੰਘ ਨੇ ਸ. ਸੁਵਿੰਦਰ ਸਿੰਘ ਵਲੋਂ ਅਰਜ਼ ਕੀਤੀ, ਪ੍ਰਵਾਨ ਹੋਈ। ਪਾਤਸ਼ਾਹ ਜੀ ਕਾਫ਼ੀ ਸਮਾਂ ਘਰ ਵਾਲੇ ਨੌਜਵਾਨ ਗੁਰਵਿੰਦਰ ਸਿੰਘ ਨਾਲ ਬਚਨ ਬਿਲਾਸ ਕੀਤੇ। ਉਨ੍ਹਾਂ ਦੱਸਿਆ ਕਿ ਸਾਡਾ ਕਰਨਾਲ ਵਿਰਕ ਹੋਸਪੀਟਲ ਹੈ। ਪਾਤਸ਼ਾਹ ਜੀ ਪੁੱਛਿਆ ਖਾ-ਪੀ ਲੈਂਦੇ ਹੋ ਕੇ ਬਚੇ ਹੋ? ਨੌਜਵਾਨ ਨੇ ਅਰਜ਼ ਕੀਤੀ, ਜੀ ਕਦੇ-ਕਦੇ ਖਾ ਪੀ ਲੈਂਦਾ ਹਾਂ। ਸ੍ਰੀ ਸਤਿਗੁਰੂ ਜੀ ਨੇ ਕੁਝ ਪਲੋਸਦਿਆਂ ਬੜੇ ਹੀ ਪਿਆਰ ਅਤੇ ਅਪਣੱਤ ਨਾਲ ਬਚਨ ਕੀਤਾ: ਹੁਣ ਛੱਡੋ, ਸਿੱਖ ਬਣ ਜਾਉ, ਦੇਵਤਿਆਂ ਵਾਲਾ ਜੀਵਨ ਜੀਵੋ। ਗੁਰਵਿੰਦਰ ਸਿੰਘ ਨੇ ਹੱਥ ਜੋੜ ਸੱਤ ਬਚਨ ਕੀਤਾ।

**ਚਲਦਾ....**

**ਹਰਪਾਲ ਸਿੰਘ ਸੇਵਕ**

## ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਹਿੰਮਤਪੁਰੇ ਦਾ ਮੇਲਾ

ਬ੍ਰਹਮ ਗਿਆਨੀ ਸੰਤ ਕਰਮ ਸਿੰਘ ਜੀ ਦੇ ਨਾਮ ਨਾਲ ਜਾਣੀ ਜਾਂਦੀ ਹੈ ਮਾਲਵੇ ਦੇ ਪ੍ਰਸਿੱਧ ਪਿੰਡ ਹਿੰਮਤਪੁਰੇ ਦੀ ਧਰਤੀ। ਸ੍ਰੀ ਮਾਨ ਸੰਤ ਕਰਮ ਸਿੰਘ ਹਿੰਮਤਪੁਰੇ ਵਾਲਿਆਂ ਨੂੰ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਤੋਂ ਥਾਪੜਾ ਲੈ ਕੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀਆਂ ਖੁਸ਼ੀਆਂ ਦੇ ਪਾਤਰ ਬਨਣ ਦਾ ਮਾਨ ਪ੍ਰਾਪਤ ਹੋਇਆ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੇ ਪਾਵਨ ਪਵਿੱਤਰ ਉਪਦੇਸ਼ਾਂ ਵਿੱਚ ਭਰਭੂਰ ਪ੍ਰਸੰਸਾਂ ਕੀਤੀ ਹੈ ਸੰਤ ਕਰਮ ਸਿੰਘ ਹਿੰਮਤਪੁਰੇ ਵਾਲਿਆਂ ਦੀ। ਇੱਕ ਸਾਧੂ ਵਲੋਂ ਆਪਣੇ ਗੁਰੂ ਦੇ ਚਰਨਾਂ ਨਾਲ ਜੁੜ ਕੇ ਕੀਤੀ ਬੰਦਗੀ ਨੇ ਇਸ ਹਿੰਮਤਪੁਰੇ ਦੀ ਧਰਤੀ ਨੂੰ ਭਾਗ ਲਾਇਆ ਜਿਸ ਧਰਤੀ ਨੂੰ ਸਿਰ ਝੁਕਾਣ ਲਈ ਹਰ ਸਾਲ ਸੰਤਾਂ ਦੀ ਯਾਦ ਵਿੱਚ ਸੰਗਤਾਂ ਹੁੰਮ-ਹੁੰਮਾ ਕੇ ਇਕੱਤਰ ਹੁੰਦੀਆਂ ਹਨ। ਹਿੰਮਤਪੁਰਾ ਨਾਮਧਾਰੀ ਡੇਰੇ ਦੇ ਮੁੱਖ ਪ੍ਰਬੰਧਕ ਸੰਤ ਜਸਵੰਤ ਸਿੰਘ ਜੀ ਅਤੇ ਇਲਾਕਾ ਨਿਵਾਸੀ ਸਾਧ-ਸੰਗਤ ਅਤੇ ਸੂਬਾ ਸਹਿਬਾਨਾਂ ਵੱਲੋਂ ਸ੍ਰੀ ਸਤਿਗੁਰੂ ਜੀ ਨੂੰ ਅਰਜ਼ ਕਰਨ ਤੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਅਰਜ਼ ਬੇਨਤੀ ਨੂੰ ਪ੍ਰਵਾਨ ਕਰਦੇ ਹੋਏ ਇਸ ਸਾਲ 31 ਅਗਸਤ 2022 ਨੂੰ ਸੰਤ ਕਰਮ ਸਿੰਘ ਜੀ ਦੀ ਯਾਦ ਵਿੱਚ ਮਨਾਏ ਜਾ ਰਹੇ ਮੇਲੇ ਸਮੇਂ ਸਾਧ-ਸੰਗਤ ਨੂੰ ਦਰਸ਼ਨ ਦੇਣ ਦੀ ਕ੍ਰਿਪਾ ਕੀਤੀ।

**31 ਅਗਸਤ 2022** ਸਵੇਰੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਹਰਿਮੰਦਰ ਵਿਚ ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਹਜ਼ੂਰੀ ਰਾਗੀ ਜਥੇ ਵੱਲੋਂ ਹਰਵਿੰਦਰ ਸਿੰਘ ਰਾਗੀ ਦੀ ਅਗਵਾਈ ਵਿਚ ਕੀਤਾ ਗਿਆ। ਪ੍ਰਸ਼ਾਦਾ ਪਾਣੀ ਛਕਣ ਉਪਰੰਤ ਸ੍ਰੀ ਸਤਿਗੁਰੂ ਜੀ ਹਿੰਮਤਪੁਰੇ ਸੰਤ ਕਰਮ ਸਿੰਘ ਜੀ ਦੀ ਯਾਦ ਵਿਚ ਮਨਾਏ ਜਾ ਰਹੇ ਮੇਲੇ ਸਮੇਂ ਸਾਧ ਸੰਗਤ ਨੂੰ ਦਰਸ਼ਨ ਦੇਣ ਲਈ ਰਵਾਨਾ ਹੋਏ। ਵਾਇਆ ਜਗਰਾਉਂ ਮੋਗਾ ਹੁੰਦੇ ਹੋਏ ਤੇ ਸ੍ਰੀ ਸਤਿਗੁਰੂ ਜੀ ਹਿੰਮਤਪੁਰੇ ਨਾਮਧਾਰੀ ਡੇਰੇ ਦਰਸ਼ਨ ਦੇਣ ਦੀ ਕਿਰਪਾ ਕੀਤੀ। ਕੁਝ ਸਮੇਂ ਬਾਅਦ ਵਿਸ਼ਾਲ ਪੰਡਾਲ ਵਿੱਚ ਸ੍ਰੀ ਸਤਿਗੁਰੂ ਜੀ ਨੇ ਦਰਸ਼ਨ ਦਿੱਤੇ ਤਾਂ ਸਟੇਜ ਤੇ ਕਵੀਸ਼ਰ ਗੁਰਸੇਵਕ ਸਿੰਘ ਆਪਣੇ ਜਥੇ ਸਮੇਤ ਗੁਰੂ ਜੱਸ ਕਰ ਰਹੇ ਸਨ। ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਦੇਣ ਤੇ ਵਿਸ਼ਾਲ ਪੰਡਾਲ ਵਿਚ ਸਾਧ-ਸੰਗਤ ਨੇ ਕਤਾਰਾਂ ਵਿੱਚ ਲੱਗ ਕੇ ਸ਼ਰਧਾ ਅਤੇ ਸਤਿਕਾਰ ਨਾਲ ਸ੍ਰੀ ਸਤਿਗੁਰੂ ਜੀ ਨੂੰ ਨਮਸਕਾਰ ਕੀਤੀ। ਉਪਰੰਤ ਜਥੇ. ਨਿਸ਼ਾਨ ਸਿੰਘ ਦਿੱਲੀ ਨੇ ਆਪਣੇ ਜਥੇ. ਸਮੇਤ ਹਾਜ਼ਰੀ ਭਰੀ ਅਤੇ ਜਵਾਨ ਸਜਾਇਆ। ਇਸ ਸਮੇਂ ਬੱਧਨੀ ਕਲਾਂ ਵਾਲੇ ਸੰਤ ਬਾਬਾ ਪ੍ਰਦੀਪ ਸਿੰਘ ਜੀ ਵੀ ਆਣ ਮੰਚ ਤੇ ਸੁਭਾਇਮਾਨ ਹੋਏ ਅਤੇ ਉਨ੍ਹਾਂ ਨੇ ਸ੍ਰੀ ਸਤਿਗੁਰੂ ਜੀ ਨੂੰ ਬਹੁਤ ਸ਼ਰਧਾ ਤੇ ਸਤਿਕਾਰ ਸਹਿਤ ਨਮਸਕਾਰ ਕੀਤੀ। ਦਿਵਾਨ ਸਮਾਪਤੀ ਉਪਰੰਤ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਪਾਵਨ ਪਵਿੱਤਰ ਉਪਦੇਸ਼ ਨਾਲ ਸਾਧ ਸੰਗਤ ਨੂੰ ਨਿਹਾਲ ਕੀਤਾ।

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਆਪਣੇ ਪ੍ਰਵਚਨਾਂ ਵਿਚ ਸੰਤ ਕਰਮ ਸਿੰਘ ਦੀ ਦੀ ਭਰਪੂਰ ਪ੍ਰਸੰਸਾ ਕੀਤੀ। ਸੰਤਾਂ ਨੂੰ ਮਾਣ ਬਖ਼ਸ਼ਿਆ ਉਪਰੰਤ ਸੰਤ ਬਾਬਾ ਪ੍ਰਦੀਪ ਸਿੰਘ ਜੀ ਬੱਧਨੀ ਕਲਾਂ ਵਾਲਿਆਂ ਨੇ ਆਪਣੀ ਕਥਾ ਦੁਆਰਾ ਸੰਤਾਂ ਦੇ ਜੀਵਨ ਤੇ ਚਾਨਣਾ ਪਾਇਆ ਅਤੇ ਸੰਗਤ ਨੂੰ ਦੱਸਿਆ ਕਿ ਕਿਸ ਤਰ੍ਹਾਂ ਸੰਤ ਕਰਮ ਸਿੰਘ ਜੀ ਹਿੰਮਤਪੁਰੇ ਵਾਲਿਆਂ ਨੇ ਗੁਰਬਾਣੀ ਅਤੇ ਆਪਣੇ ਗੁਰੂ ਉਪਦੇਸ਼ ਮੁਤਾਬਕ ਜੀਵਨ ਬਤੀਤ ਕੀਤਾ। ਸਟੇਜ ਤੋਂ ਪ੍ਰੋਗਰਾਮ ਜਾਰੀ ਸੀ ਪ੍ਰੰਤੂ ਸ੍ਰੀ ਸਤਿਗੁਰੂ ਜੀ ਦਾ ਆਪਣੇ ਰੁਝੇਵੇਂ ਕਾਰਨ ਅੱਗੇ ਜਾਣ ਦਾ ਪ੍ਰੋਗਰਾਮ ਸੀ। ਸ੍ਰੀ ਸਤਿਗੁਰੂ ਜੀ ਸਮੇਤ ਮਾਤਾ ਗੁਰਸ਼ਰਨ ਕੌਰ ਜੀ ਅਤੇ ਸਿੱਖਾਂ ਸੇਵਕਾਂ ਸਹਿਤ ਹਿੰਮਤਪੁਰੇ ਤੋਂ ਚੱਲ ਕੇ ਵਾਇਆ ਬਰਨਾਲਾ, ਸੰਗਰੂਰ, ਪਟਿਆਲਾ, ਰਾਜਪੁਰਾ ਹੁੰਦੇ ਹੋਏ ਚੰਡੀਗੜ੍ਹ ਹਵਾਈ ਅੱਡੇ ਪਹੁੰਚੇ ਅਤੇ ਇੱਥੋਂ ਹੀ ਹਵਾਈ ਸਫ਼ਰ ਰਾਹੀਂ ਬੰਗਲੌਰ ਲਈ ਰਵਾਨਾ ਹੋ ਗਏ।

ਹਿੰਮਤਪੁਰੇ ਮੇਲੇ ਦੀ ਸਮਾਪਤੀ ਬਾਅਦ ਦੁਪਹਿਰ 3 ਵਜੇ ਹੋਈ। ਇਸ ਤੋਂ ਪਹਿਲਾਂ ਰੋਡਿਆਂ ਵਾਲੇ ਪੰਡਤ ਸੋਮਨਾਥ ਦੇ ਕਵੀਸ਼ਰੀ ਜਥੇ ਨੇ ਦੀਵਾਨ ਸਜਾਇਆ ਪਵਿੱਤਰ ਗੁਰਬਾਣੀ ਸ੍ਰੀ ਆਦਿ ਗ੍ਰੰਥ ਸਾਹਿਬ ਦੇ ਪਾਠਾਂ ਦੇ ਭੋਗ ਪਾਏ ਗਏ। ਇਸ ਸਮੇਂ ਸੂਬਾ ਇੰਦਰਜੀਤ ਸਿੰਘ ਮੱਲ, ਸੂਬਾ ਬਲਬੀਰ ਸਿੰਘ ਢਿਲਵਾਂ, ਸੂਬਾ ਗੁਰਮੇਲ ਸਿੰਘ ਰਾਏਸਰ, ਸੂਬਾ ਗੁਰਮੇਲ ਸਿੰਘ ਖੋਟੇ, ਸੂਬਾ ਸਵਿੰਦਰ ਸਿੰਘ ਸੈਦੋਂ, ਸੂਬਾ ਬਲਜੀਤ ਸਿੰਘ ਮਾਨਸਾ, ਹਿੰਮਤਪੁਰੇ ਡੇਰੇ ਦੇ ਮੁੱਖ ਸੇਵਾਦਾਰ ਸੰਤ ਜਸਵੰਤ ਸਿੰਘ ਨੇ ਆਈ ਹੋਈ ਸਾਧ ਸੰਗਤ ਅਤੇ ਸ੍ਰੀ ਸਤਿਗੁਰੂ ਜੀ ਦਾ ਉਚੇਚੇ ਤੌਰ ਤੇ ਸ਼ੁਕਰਾਨਾ ਕੀਤਾ। ਇਸੇ ਤਰ੍ਹਾਂ ਸੰਤ ਕਰਮ ਸਿੰਘ ਜੀ ਦੀ ਯਾਦ ਵਿਚ ਇਹ ਇਕਆਸੀ ਵਾਂ ਸਾਲਾਨਾ ਮੇਲਾ ਇਤਿਹਾਸਕ ਤੇ ਯਾਦਗਾਰੀ ਬਣ ਗਿਆ।

**ਸੂਬਾ ਬਲਵਿੰਦਰ ਸਿੰਘ ਝੱਲ**

## ਸਲਾਨਾ ਜੱਪ ਪ੍ਰਯੋਗ

ਜਮਨਾ ਨਗਰ- 3 **ਸਤੰਬਰ 2022** ਦਿਨ ਸ਼ਨੀਵਾਰ ਨਾਮਧਾਰੀ ਧਰਮਸ਼ਾਲਾ ਪੁਰਾਨਾ ਹਮੀਦਾ ਵਿਖੇ ਸਲਾਨਾ ਜੱਪ ਪ੍ਰਯੋਗ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਤੋਂ ਬਖ਼ਸ਼ਿਸ਼ ਮੰਗ ਕੇ ਜੱਪ ਪ੍ਰਯੋਗ ਦੀ ਅਰੰਭਤਾ ਦੀ ਅਰਦਾਸ ਸੂਬਾ ਬਲਦੇਵ ਸਿੰਘ ਜੀ ਨੇ 4 ਵਜੇ ਕੀਤੀ। ਅਰਦਾਸ ਤੋਂ ਪਹਿਲਾਂ ਸੂਬਾ ਜੀ ਨੇ ਜੱਪ ਪ੍ਰਯੋਗ ਦਾ ਮਹਾਤਮ ਸਾਧ ਸੰਗਤ ਨੂੰ ਸਰਵਣ ਕਰਵਾਇਆ ਕਿ ਇਸ ਪ੍ਰਯੋਗ ਦੀ ਅਰੰਭਤਾ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਨੀਲੋਂ ਨਹਿਰ ਦੇ ਕੰਢੇ ਤੇ ਇਕ ਕਾਨਿਆ ਦੀ ਝੁੱਗੀ ਪਾ ਕੇ 40 ਦਿਨ ਲਗਾਤਾਰ ਜੱਪ ਪ੍ਰਯੋਗ ਕੀਤਾ ਸੀ। ਉਸ ਤੋਂ ਬਾਅਦ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਇਸੇ ਪ੍ਰੰਪਰਾ ਨੂੰ ਦੇਸਾ ਪ੍ਰਦੇਸ਼ਾ ਵਿੱਚ ਵੀ ਤੋਰੀ ਰੱਖਿਆ ਤੇ ਹੁਣ ਵਰਤਮਾਨ ਸਤਿਗੁਰੂ ਉਦੇ ਸਿੰਘ ਜੀ ਤੋਂ ਆਗਿਆ ਲੈ ਕੇ ਸਾਧ ਸੰਗਤ ਆਪਣੇ-ਆਪਣੇ ਇਲਾਕਿਆ ਵਿੱਚ ਨਾਮ ਸਿਮਰਨ ਕਰਕੇ ਲਾਹਾ ਲੈ ਰਹੀਆ ਹਨ।

ਸੂਬਾ ਜੀ ਨੇ ਸਾਧ ਸੰਗਤ ਨੂੰ ਬੇਨਤੀ ਕੀਤੀ ਕਿ ਕੋਈ ਵੀ ਸਰੀਰ ਬਜਾਰ ਦਾ ਖਾਣਾ ਨਾ ਖਾਵੇ ਨਾ ਹੀ ਟੀ.ਵੀ. ਸਿਨੇਮਾ ਵੇਖੇ ਤੇ ਆਪਣੀ ਮਰਿਯਾਦ ਵਿੱਚ ਰਹੇ। ਕੋਸ਼ਿਸ਼ ਕਰੀਏ ਹਮੇਸ਼ਾ ਵਾਸਤੇ ਇਨ੍ਹਾਂ ਤੋਂ ਪ੍ਰਹੇਜ ਕੀਤਾ ਜਾਵੇ ਤੇ ਸਤਿਗੁਰੂ ਜੀ ਦੀਆਂ ਖੁਸ਼ੀਆਂ ਲੈ ਸਕੀਏ। ਉਪਰੰਤ ਜਥੇਦਾਰ ਸੁਖਦੇਵ ਸਿੰਘ ਨੇ ਆਪਣੇ ਸਥਾਨਕ ਜਥੇ ਨਾਲ ਮਿਲ ਆਸਾ ਦੀ ਵਾਰ ਦਾ ਕੀਰਤਨ ਕੀਤਾ। 6 ਵਜੇ ਵਾਰੇ ਦਾ ਭੋਗ ਪਿਆ ਤੇ ਉਸ ਤੋਂ ਬਾਅਦ ਸੂਬਾ ਬਲਦੇਵ ਸਿੰਘ ਨੇ ਸਮਾਪਤੀ ਦੀ ਅਰਦਾਸ ਕੀਤੀ। ਉਪਰੰਤ ਗਰਮ ਦੁੱਧ ਦਾ ਲੰਗਰ ਸਾਧ ਸੰਗਤ ਨੂੰ ਛਕਾਇਆ ਗਿਆ।

**4 ਸਤੰਬਰ 2022** ਦਿਨ ਐਤਵਾਰ ਨੂੰ ਨਾਮਧਾਰੀ ਧਰਮਸ਼ਾਲਾ ਪੁਰਾਨਾ ਹਮੀਦਾ ਵਿਖੇ ਸਾਧ ਸੰਗਤ ਦੇ ਸਹਿਯੋਗ ਨਾਲ ਜੱਪ ਪ੍ਰਯੋਗ ਦਾ ਮੇਲਾ ਮਨਾਇਆ ਗਿਆ। ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਸੰਤ ਸੁਖਦੇਵ ਸਿੰਘ ਨੇ





ਆਪਣੇ ਸਥਾਨਕ ਜਥੇ ਨਾਲ ਮਿਲਕੇ ਕੀਤਾ। ਪਹਿਲਾ ਨਾਮ-ਸਿਮਰਨ ਹੋਇਆ ਫਿਰ 5:30 ਵਜੇ ਦੀਵਾਨ ਦਾ ਅਰੰਭ ਹੋਇਆ। ਜਥੇਦਾਰ ਹਰਪਾਲ ਸਿੰਘ ਸ੍ਰੀ ਭੈਣੀ ਸਾਹਿਬ ਤੋਂ ਉਚੇਚੇ ਦੀਵਾਨ ਲਗਾਉਣ ਵਾਸਤੇ ਪੁੱਜੇ ਸਨ। ਉਪਰੰਤ ਗੁਰਚਰਨ ਸਿੰਘ ਨੇ ਇਕ ਕਵਿਤਾ ਪੜ੍ਹੀ। ਬਾਅਦ ਵਿੱਚ ਸੂਬਾ ਬਲਦੇਵ ਸਿੰਘ ਜੀ ਨੇ ਮੇਲੇ ਦੀ ਸਮਾਪਤੀ ਦੀ ਅਰਦਾਸ ਕੀਤੀ ਤੇ ਆਈ ਹੋਈ ਸਾਧ ਸੰਗਤ ਦਾ ਧੰਨਵਾਦ ਕੀਤਾ। ਗੁਰੂ ਕਾ ਲੰਗਰ ਅਤੁੱਟ ਵਰਤਿਆ।

**ਗੁਰਚਰਨ ਸਿੰਘ ਕਿਆਮਪੁਰੀਆ**

..................................................

## ਬੀਬੀ ਸੁਖਵਿੰਦਰ ਕੌਰ ਜੀ ਨਹੀਂ ਰਹੇ

ਨਾਮਧਾਰੀ ਪੰਥ ਦੀ ਬਹੁਤ ਹੀ ਸਤਿਕਾਰੀ ਅਤੇ ਸਨਮਾਨ ਯੋਗ ਹਸਤੀ ਸਨ ਮਾ. ਅਮਰੀਕ ਸਿੰਘ ਜੀ। ਨਾਮਧਾਰੀ ਸਾਹਿਤ ਸਭਾ ਸ੍ਰੀ ਜੀਵਨ ਨਗਰ ਦੇ ਮੁਖ ਰੂਪ ਵਿੱਚ ਸੰਚਾਲਕ ਰਹੇ ਹਨ ਮਾ. ਅਮਰੀਕ ਸਿੰਘ ਜੀ। ਮਾ. ਜੀ ਦੇ ਸਪੁੱਤਰ ਸ. ਅਮਲੋਕ ਸਿੰਘ ਦੀ ਧਰਮ ਪਤਨੀ ਬੀਬੀ ਸੁਖਵਿੰਦਰ ਕੌਰ ਜੋ ਕਿ ਪਿਛਲੇ ਕੁਝ ਸਮੇਂ ਤੋਂ ਨਾਮੁਰਾਦ ਬਿਮਾਰੀ ਦੀ ਲਪੇਟ ਵਿੱਚ ਆਉਣ ਕਾਰਨ **27 ਅਗਸਤ 2022** ਦਿਨ ਸ਼ਨੀਵਾਰ ਨੂੰ ਅਕਾਲ ਚਲਾਣਾ ਕਰ ਗਏ। ਪਰਿਵਾਰ ਦੀ ਦਿਲੀ ਇੱਛਾ ਸੀ ਕਿ ਬੀਬੀ ਸੁਖਵਿੰਦਰ ਕੌਰ ਜੀ ਨਮਿੱਤ ਭੋਗ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਹਜ਼ੂਰੀ ਵਿੱਚ ਪਾਇਆ ਜਾਵੇ। ਪਰਿਵਾਰ ਵਲੋਂ ਅਰਜ਼ ਬੇਨਤੀ ਕਰਨ ਤੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਮਿਤੀ **30 ਅਗਸਤ 2022** ਦਿਨ ਮੰਗਲਵਾਰ ਨੂੰ ਨਾਮਧਾਰੀ ਧਰਮਸ਼ਾਲਾ ਮੋਹਾਲੀ ਫੇਸ 7 ਵਿਖੇ ਬਾਅਦ ਦੁਪਹਿਰ 3 ਵਜੇ ਦਰਸ਼ਨ ਦੇਣ ਦੀ ਕ੍ਰਿਪਾ ਕੀਤੀ। ਬੰਗਲੌਰ ਤੋਂ ਹਵਾਈ ਸਫ਼ਰ ਰਾਹੀਂ ਸ੍ਰੀ ਸਤਿਗੁਰੂ ਜੀ ਮੋਹਾਲੀ ਅੰਤਰਾਸ਼ਟਰੀ ਹਵਾਈ ਅੱਡੇ ਤੇ ਪਹੁੰਚਣ ਉਪਰੰਤ

ਨਾਮਧਾਰੀ ਧਰਮਸ਼ਾਲਾ ਮੋਹਾਲੀ ਵਿਖੇ ਦਰਸ਼ਨ ਦਿੱਤੇ ਤਾਂ ਮੰਚ ਤੇ ਜਥੇ. ਕਮਾਲ ਸਿੰਘ ਜੀ ਸ੍ਰੀ ਭੈਣੀ ਸਾਹਿਬ ਦਿਵਾਨ ਸਜਾ ਰਹੇ ਸਨ। ਦਿਵਾਨ ਸਮਾਪਤੀ ਉਪਰੰਤ ਸੰਤ ਗੁਰੁਬਚਨ ਸਿੰਘ ਚੰਡੀਗੜ੍ਹ ਵਾਲਿਆਂ ਕਥਾ ਦੁਆਰਾ ਹਾਜ਼ਰੀ ਭਰੀ। ਪਵਿੱਤਰ ਗੁਰਬਾਣੀ ਦੇ ਪਾਠ ਦਾ ਭੋਗ ਪਾਉਣ ਉਪਰੰਤ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਬੀਬੀ ਸੁਖਵਿੰਦਰ ਕੌਰ ਨਮਿੱਤ ਅੰਤਿਮ ਅਰਦਾਸ ਕੀਤੀ ਗਈ। ਇਥੇ ਹੀ ਸ. ਅਮੋਲਕ ਸਿੰਘ ਦੀ ਮਾਤਾ ਬੱਚਿਆਂ ਅਤੇ ਪਰਿਵਾਰ ਨੇ ਸ੍ਰੀ ਸਤਿਗੁਰੂ ਜੀ ਨੂੰ ਨਮਸਕਾਰ ਕੀਤੀ। ਪ੍ਰੋਗਰਾਮ ਦੀ ਸਮਾਪਤੀ ਬਾਅਦ ਸ੍ਰੀ ਸਤਿਗੁਰੂ ਜੀ ਨੇ ਸ੍ਰੀ ਭੈਣੀ ਸਾਹਿਬ ਲਈ ਚਾਲੇ ਪਾਏ।

**ਸੂਬਾ ਬਲਵਿੰਦਰ ਸਿੰਘ ਝੱਲ**

..................................................

## ਡਾ. ਪਨੂੰ ਨਾਲ ਵਿਸ਼ੇਸ਼ ਮੁਲਾਕਾਤ

ਪੱਛਮੀ ਪੰਜਾਬ ਵਿੱਚ ਰਹਿ ਗਏ ਸਿਖ ਧਰਮ ਨਾਲ ਸੰਬੰਧਿਤ ਸਥਾਨਾਂ ਦੀ ਖੋਜ ਦਾ ਕਾਰਜ ਡਾ. ਦਲਵੀਰ ਸਿੰਘ ਪਨੂੰ ਦੁਆਰਾ ਕੀਤਾ ਜਾ ਰਿਹਾ ਹੈ। ਡਾ. ਦਲਵੀਰ ਸਿੰਘ ਪਨੂੰ ਅਮਰੀਕਾ ਵਿੱਚ ਰਹਿੰਦੇ ਹੋਏ ਜਿੱਥੇ ਡੈਂਟਲ ਕਲੀਨਿਕ ਚਲਾਉਂਦੇ ਹਨ ਉੱਥੇ ਸ਼ੌਂਕ ਵਜੋਂ ਪੱਛਮੀ ਪੰਜਾਬ ਦੇ ਸਥਾਨਾਂ ਦੀ ਖੋਜ ਦਾ ਕਾਰਜ ਵੀ ਕਰ ਰਹੇ ਹਨ। ਡਾ. ਸਾਹਿਬ ਦੀ ਪਿਛਲੇ ਸਮੇਂ ਵਿੱਚ ਇੱਕ ਕਿਤਾਬ ਇਸ ਖੋਜ ਕਾਰਜ ਨੂੰ ਸਮਰਪਿਤ ਛਪ ਚੁੱਕੀ ਹੈ ਇਸ ਕਿਤਾਬ ਦਾ ਨਾਮ ਦਾ 'The Sikh Heritage Beyond Borders' ਹੈ। ਇਸ ਕਿਤਾਬ ਵਿੱਚ ਉਨ੍ਹਾਂ ਨੇ ਸਿੱਖ ਧਰਮ ਨਾਲ ਸਬੰਧਤ ਬਿਆਸੀ ਸਥਾਨਾਂ ਨੂੰ





ਜਗ੍ਹਾ ਦਿੱਤੀ ਹੈ। ਇਨ੍ਹਾਂ ਸਥਾਨਾਂ ਦਾ ਇਤਿਹਾਸ, ਫੋਟੋਆਂ ਅਤੇ ਲੋਕੇਸ਼ਨ ਇਸ ਕਿਤਾਬ ਵਿਚ ਹਨ। ਨਾਮਧਾਰੀਆਂ ਨਾਲ ਸੰਬੰਧਿਤ ਬਾਬਾ ਜਮੀਤ ਸਿੰਘ ਕਾਨਾ ਕਾਛਾ ਦਾ ਸਥਾਨ ਇਸ ਪੁਸਤਕ ਦੇ 326 ਨੰਬਰ ਪੇਜ਼ 'ਤੇ ਹੈ।

ਪਿਛਲੇ ਦਿਨੀਂ ਸਤਿਗੁਰੂ ਜੀ ਜਦੋਂ ਅਮਰੀਕਾ ਦੌਰੇ ਤੇ ਸਨ ਤਾਂ ਡਾ. ਬਲਵੀਰ ਪਨੂੰ ਆਪ ਜੀ ਨੂੰ ਮਿਲਣ ਵਾਸਤੇ ਆਏ ਅਤੇ ਆਪਣੇ ਖੋਜ ਕਾਰਜ ਬਾਰੇ ਸਤਿਗੁਰੂ ਜੀ ਨਾਲ ਵਿਚਾਰ ਸਾਂਝੇ ਕੀਤੇ। ਉਨ੍ਹਾਂ ਇਹ ਵੀ ਦੱਸਿਆ ਕਿ ਇਸ ਕਿਤਾਬ ਦੇ ਦੂਸਰੇ ਭਾਗ ਦਾ ਕੰਮ ਚੱਲ ਰਿਹਾ ਹੈ। ਜਿਸ ਲਈ ਪੱਛਮੀ ਪੰਜਾਬ ਵਿੱਚ ਨਾਮਧਾਰੀਆਂ ਨਾਲ ਸਬੰਧਿਤ ਸਥਾਨਾਂ ਦੀ ਮੈਂ ਜਾਣਕਾਰੀ ਇਕੱਠੀ ਕਰ ਰਿਹਾ ਹਾਂ। ਇਸ ਵਾਸਤੇ ਮੈਂ ਭਾਰਤ ਜਾ ਰਿਹਾ ਹਾਂ। ਸਤਿਗੁਰੂ ਜੀ ਨੇ ਉਨ੍ਹਾਂ ਨੂੰ ਸ. ਸਵਰਨ ਸਿੰਘ ਵਿਰਕ ਨੂੰ ਮਿਲਣ ਲਈ ਕਿਹਾ। ਭਾਰਤ ਵਿੱਚ ਆਣ ਕੇ ਡਾ. ਪਨੂੰ ਨੇ ਰਾਬਤਾ ਵਿਰਕ ਜੀ ਨਾਲ ਕੀਤਾ।

**8 ਅਕਤੂਬਰ 2022** ਨੂੰ ਕਰਨਪਾਲ ਸਿੰਘ ਮੁਹਾਲੀ ਦੇ ਘਰ ਡਾ. ਪਨੂੰ ਦੀ ਮੁਲਾਕਾਤ ਵਿਰਕ ਜੀ ਦੇ ਨਾਲ ਹੋਈ। ਡਾ. ਪਨੂੰ ਅਤੇ ਦੋ ਹੋਰ ਉਨ੍ਹਾਂ ਦੇ ਸਾਥੀ ਨਾਲ ਸਨ। ਇਸ ਮੁਲਾਕਾਤ ਦਾ ਮੰਤਵ ਪੱਛਮੀ ਪੰਜਾਬ ਨਾਲ ਸਬੰਧਿਤ ਨਾਮਧਾਰੀ ਸਥਾਨਾਂ ਦੇ ਇਤਿਹਾਸ ਨੂੰ ਘੋਖਣਾ ਸੀ। ਵਿਰਕ ਜੀ ਨੇ ਕੁਝ ਕਿਤਾਬਾਂ ਡਾ. ਪਨੂੰ ਨੂੰ ਭੇਟ ਕੀਤੀਆਂ ਅਤੇ ਯਾਦਗਾਰੀ ਤਸਵੀਰਾਂ ਵੀ ਖਿੱਚੀਆਂ ਗਈਆਂ। ਇਸ ਪਰਸਪਰ ਮੁਲਾਕਾਤ ਵਿੱਚ ਕਈ ਇਤਿਹਾਸਕ ਨੁਕਤਿਆਂ ਤੇ ਚਰਚਾ ਹੋਈ। ਮੇਜਬਾਨ ਕਰਨਪਾਲ ਸਿੰਘ ਨੇ ਬਹੁਤ ਸੇਵਾ ਕੀਤੀ। ਸ੍ਰੀ ਭੈਣੀ ਸਾਹਿਬ ਤੋਂ ਗੁਰਲਾਲ ਸਿੰਘ ਤੇ ਸੰਤੋਖ ਸਿੰਘ ਲੱਡੀ ਵੀ ਮਜੂਦ ਸਨ।

**ਗੁਰਲਾਲ ਸਿੰਘ**

..................................................

## ਗੁਰਮੁਖਿ ਜਨਮ ਸਵਾਰਿ ਦਰਗਹ ਚਲਿਆ

**29 ਅਗਸਤ 2022** ਦਿਨ ਸੋਮਵਾਰ ਨਾਮਧਾਰੀ ਧਰਮਸ਼ਾਲਾ ਪੁਰਾਣਾ ਹਮੀਦਾ ਵਿਖੇ ਸੰਤ ਕੁਲਵੰਤ ਸਿੰਘ ਨਮਿਤ ਰੱਖੇ ਪਾਠ ਦਾ ਭੋਗ ਪਾਇਆ ਗਿਆ, ਜੋ ਕਿ ਕੁਝ ਦਿਨ ਪਹਿਲਾਂ ਸਰੀਰਕ ਤੌਰ ਤੇ ਕੁਝ ਢਿੱਲੇ ਮੱਠੇ ਹੋਏ ਅਤੇ ਆਪਣੀ ਸਵਾਸਾਂ ਰੂਪੀ ਪੂੰਜੀ ਸਮਾਪਤ ਕਰਕੇ ਅਕਾਲ ਪੁਰਖ ਦੇ ਚਰਨਾਂ ਵਿਚ ਜਾ ਬਿਰਾਜੇ ਸਨ। ਸੰਤ ਕੁਲਵੰਤ ਸਿੰਘ ਸੰਤ ਲਾਭ ਸਿੰਘ ਕਿਆਮਪੁਰ ਵਾਲੇ ਦੇ ਸਪੁੱਤਰ ਤੇ ਪ੍ਰਧਾਨ ਬਲਵੰਤ ਸਿੰਘ ਜੀ ਸੋਢੀ ਜੀ ਦੇ ਛੋਟੇ ਭਰਾ ਸਨ। ਆਪਣੇ ਛੇ ਭਰਾਵਾਂ ਵਿੱਚੋਂ ਤੀਜੇ ਨੰਬਰ ਤੇ ਸਨ। ਪਾਕਿਸਤਾਨ ਦੀ ਵੰਡ ਤੋਂ ਬਾਅਦ ਸਾਰਾ ਪਰਿਵਾਰ ਕੁਝ ਸਮਾਂ ਮੁਕੇਰੀਆਂ ਦੇ ਨੇੜੇ ਪਿੰਡ ਮਹਿਮੂਦ ਵਿਚ ਆ ਵਸਿਆ ਤੇ ਕੁਝ ਸਮਾਂ ਬਿਤਾਉਣ ਤੋਂ ਬਾਅਦ ਯਮੁਨਾਨਗਰ ਆ ਗਿਆ। ਇੱਥੇ ਆ ਕੇ ਉਨ੍ਹਾਂ ਆਪਣਾ ਕਾਰੋਬਾਰ ਆਰੰਭ ਕੀਤਾ। ਆਪਣੀ ਮਿਹਨਤ ਤੇ ਇਮਾਨਦਾਰੀ ਨਾਲ ਥੋੜ੍ਹੇ ਸਮੇਂ ਵਿੱਚ ਇਹ ਉੱਚੇ ਮੁਕਾਮ ਤੇ ਪਹੁੰਚਿਆ ਅਤੇ ਕਾਰੋਬਾਰ ਵਿੱਚ ਆਪਣਾ ਨਾਮ ਕਮਾਇਆ ਗ੍ਰਹਿਸਤ ਜੀਵਨ ਅਰੰਭ ਕਰਨ ਵਾਸਤੇ ਇਨ੍ਹਾਂ ਆਨੰਦਕਾਰਜ ਬੀਬੀ ਅਮਰਜੀਤ ਨਾਲ ਕੀਤਾ ਜੋ ਕਿ ਸਿਰਸਾ ਜ਼ਿਲ੍ਹੇ ਦੇ ਪਿੰਡ ਰਾਣੀਆਂ ਸੰਤ ਸੰਤਾ ਸਿੰਘ ਦੀ ਲੜਕੀ ਸਨ। ਜੋ ਆਪਣੇ ਸਮੇਂ ਦੇ ਪ੍ਰਸਿੱਧ ਜਥੇਦਾਰ ਪਤੰਗ ਜੀ ਦੇ ਪਰਿਵਾਰ ਵਿੱਚੋਂ ਸੀ।



ਹੁਣ ਸਾਰਾ ਪਰਿਵਾਰ ਕੁਲਵੰਤ ਸਿੰਘ ਜੀ ਦਾ ਯਮੁਨਾਨਗਰ ਵਿਚ ਰਹਿ ਰਿਹਾ ਹੈ। ਪਰਿਵਾਰ ਵਿਚ ਤਿੰਨ ਲੜਕੇ ਸੁਖਵਿੰਦਰ ਸਿੰਘ ਸੁਖਦੇਵ ਸਿੰਘ ਤੇ ਬਲਦੇਵ ਸਿੰਘ ਤੇ ਇੱਕ ਲੜਕੀ ਸਤਿੰਦਰ ਕੌਰ ਹੈ। ਸਾਰੇ ਪਰਿਵਾਰ ਸਤਿਗੁਰੂ ਜੀ ਦੀ ਕਿਰਪਾ ਨਾਲ ਸੁਖੀ ਜੀਵਨ ਬਿਤਾ ਰਹੇ ਹਨ। ਸੰਤਾਂ ਦੇ ਮੇਲੇ ਵਾਸਤੇ ਜਥੇਦਾਰ ਨਿਸ਼ਾਨ ਸਿੰਘ ਦਿੱਲੀ ਵਾਲੇ ਉਚੇਚੇ ਤੌਰ ਤੇ ਦੀਵਾਨ ਲਾਉਣ ਵਾਸਤੇ ਪੁੱਜੇ ਸਨ। ਜਥੇਦਾਰ ਜੀ ਨੇ ਆਪਣੇ ਦਿਵਾਨ ਦਾ ਆਰੰਭ "ਪਲ ਦੋ ਪਲ ਦਾ ਸਾਥ ਹੈ ਇੱਥੇ ਰਲਮਿਲ ਸਭ ਨੇ ਰਹਿਣਾ ਏ।" ਆਖਰ ਮੰਜ਼ਿਲ ਮੌਤ ਬੰਦੇ ਦੀ ਸਭ ਨੂੰ ਮਰਨਾ ਪੈਣਾ ਦੀ ਧਾਰਨਾ ਨਾਲ ਆਰੰਭ ਕੀਤਾ ਉਨ੍ਹਾਂ ਨੇ ਆਪਣੇ ਦਿਵਾਨ ਵਿੱਚ ਅਨੇਕਾਂ ਹੀ ਗੁਰਬਾਣੀ ਦੇ ਪ੍ਰਮਾਣ ਦੇ ਕੇ ਦੱਸਿਆ ਕਿ ਮਨੁੱਖ ਦੇਹ ਚੁਰਾਸੀ ਲੱਖ ਜੂਨਾਂ ਭੋਗਣ ਤੋਂ ਬਾਅਦ ਪ੍ਰਾਪਤ ਹੁੰਦੀ ਹੈ ਤੇ ਚੁਰਾਸੀ ਲੱਖ ਜੂਨ ਭੋਗਣ ਵਾਸਤੇ ਪੌਣੇ ਦੋ ਕਰੋੜ ਸਾਲ ਲੱਗ ਜਾਂਦੇ ਹਨ ਤੇ ਫਿਰ ਜੂਨ ਮਨੁੱਖ ਦੀ ਮਿਲਦੀ ਹੈ। ਇਸ ਲਈ ਸਾਨੂੰ ਪ੍ਰਮਾਤਮਾ ਨੂੰ ਯਾਦ ਕਰਨਾ ਚਾਹੀਦਾ ਹੈ ਸ਼ੁਭ ਕਰਮ ਕਰਨੇ ਚਾਹੀਦੇ ਹਨ। ਉਪਰੰਤ ਗੁਰਚਰਨ ਸਿੰਘ ਨੇ ਇਕ ਕਵਿਤਾ ਸੰਤਾਂ ਦੇ ਨਮਿੱਤ ਉਨ੍ਹਾਂ ਦੇ ਨਮਿੱਤ ਨਿੱਤ ਕਰਮ ਕਰਨ ਨਾਲ ਸਬੰਧਿਤ ਸੁਣਾਈ ਕਿ ਸੰਤਾਂ ਕਿਸ ਤਰ੍ਹਾਂ ਆਪਣਾ ਸੱਚਾ ਸੁੱਚਾ ਤੇ ਸਾਦਾ ਜੀਵਨ ਬਤੀਤ ਕੀਤਾ। ਉਪਰੰਤ ਸੂਬਾ ਬਲਦੇਵ ਸਿੰਘ ਜੀ ਨੇ ਮੇਲੇ ਦੀ ਸਮਾਪਤੀ ਦੀ ਅਰਦਾਸ ਕੀਤੀ ਤੇ ਦੂਰੋਂ ਨੇੜਿਓਂ ਆਈਆਂ ਹੋਈ ਸਾਧ ਸੰਗਤ ਦਾ ਧੰਨਵਾਦ ਕੀਤਾ। ਉਪਰੰਤ ਪਰਿਵਾਰਕ ਜ਼ਿੰਮੇਵਾਰੀਆਂ ਦੀ ਦਸਤਾਰ ਵੱਡੇ ਲੜਕੇ ਸੁਖਵਿੰਦਰ ਸਿੰਘ ਨੂੰ ਪਹਿਨਾਈ ਗਈ ਗੁਰੂ ਕਾ ਲੰਗਰ ਅਤੁੱਟ ਵਰਤਿਆ।

**ਗੁਰਚਰਨ ਸਿੰਘ ਕਿਆਮਪੁਰੀਆ**

..................................................

## ਬੀਬੀ ਸੁਰਿੰਦਰ ਕੌਰ ਜੀ ਨਹੀਂ ਰਹੇ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਤੋਂ ਵਰੋਸਾਏ ਹੋਏ ਬੀਬੀ ਸੁਰਿੰਦਰ ਕੌਰ ਜੀ **21 ਅਗਸਤ 2022** (5 ਭਾਦਰੋਂ ਵਾਲੇ ਦਿਨ) ਆਪਣੀ ਸੰਸਾਰਿਕ ਯਾਤਰਾ ਪੂਰੀ ਕਰ ਗਏ। ਉਹਨਾਂ ਦਾ ਜਨਮ ਸੰਤ ਇੰਦਰ ਸਿੰਘ ਚੱਕਰਵਰਤੀ ਤੇ ਮਾਤਾ ਬਸੰਤ ਕੌਰ (ਸੌਦਨ) ਦੇ ਘਰ 23 ਨਵੰਬਰ 1945 ਨੂੰ ਹੋਇਆ। ਪਰਿਵਾਰਿਕ ਪਿਛੋਕੜ ਜ਼ਿਲਾਂ ਸਿਆਲਕੋਟ ਪਿੰਡ ਨਾਰੋਵਾਲ (ਤਸੀਲ) ਹੈ। ਅੱਜ ਕਲ ਰਿਹਾਇਸ਼ ਮਾਨਸਰੋਵਰ ਗਾਰਡਨ ਨਵੀਂ ਦਿੱਲੀ ਵਿਖੇ ਹੈ। ਬੀਬੀ ਜੀ ਦਾ ਵਿਆਹ ਜਥੇਦਾਰ ਬਲਦੇਵ ਸਿੰਘ ਜੀ ਦੇ ਨਾਲ 1962 ਸ੍ਰੀ ਭੈਣੀ ਸਾਹਿਬ ਵਿਖੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿੱਚ ਹੋਇਆ। ਪਰਿਵਾਰ ਵਜੋਂ ਦੋ ਸਪੁੱਤਰ ਗੁਰਮੀਤ ਸਿੰਘ ਅਤੇ ਰਣਜੀਤ ਸਿੰਘ ਹਨ ਅਤੇ ਤਿੰਨ ਸੁਪਤਰੀਆਂ ਰਜਵੰਤ

ਕੌਰ, ਬਵਬੀਰ ਕੌਰ ਅਤੇ ਪਰਮਜੀਤ ਕੌਰ ਹੈ। ਸਾਰੇ ਨਾਮਧਾਰੀ ਮਰਿਯਾਦਾ ਅਨੁਸਾਰ ਗੁਰੂ ਘਰ ਨਾਲ ਜੁੜੇ ਹੋਏ ਹਨ। ਬੀਬੀ ਜੀ ਨੇ ਸਾਰੀ ਜ਼ਿੰਦਗੀ ਬੰਦਗੀ ਕਰਕੇ ਸਾਦਗੀ ਭਰਪੂਰ ਜੀਵਨ ਬਤੀਤ ਕੀਤਾ। ਨਾਮਧਾਰੀ ਮਰਿਯਾਦਾ ਵਿੱਚ ਰਹਿੰਦੇ ਹੋਏ ਬੀਬੀ ਜੀ ਸਿੰਘ ਸਭਾ ਗੁਰਦੁਆਰਾ (ਬਲਾਕ ਮਾਨਸਰੋਵਰ ਗਾਰਡਨ ਬੀਬੀਆਂ ਦੇ ਜਥੇ ਦੇ ਖਜ਼ਾਨਚੀ ਅਤੇ ਜਥੇਦਾਰ ਰਹੇ।) ਭੋਗ ਤੋਂ ਇਕ ਦਿਨ ਪਹਿਲਾਂ ਘਰ ਵਿੱਚ ਸ਼ਾਮ ਨੂੰ ਮਹੰਤ ਪ੍ਰੀਤਮ ਸਿੰਘ ਜੀ ਨੇ ਇਕ ਘੰਟਾ ਕੀਰਤਨ ਕੀਤਾ। ਅੰਤਿਮ ਅਰਦਾਸ ਅਤੇ ਭੋਗ ਸਮਾਗਮ 28 ਅਗਸਤ 2022 ਨੂੰ ਨਾਮਧਾਰੀ ਧਰਮਸ਼ਾਲਾ ਰਮੇਸ਼ ਨਗਰ ਹੋਇਆ। ਜਿਸ ਵਿੱਚ ਮਹੰਤ ਪ੍ਰੀਤਮ ਸਿੰਘ ਜੀ ਅਤੇ ਜਥੇਦਾਰ ਨਿਸ਼ਾਨ ਸਿੰਘ ਜੀ ਨੇ ਦੀਵਾਨ ਸਜਾਏ। ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।



**ਜਥੇ. ਨਿਸ਼ਾਨ ਸਿੰਘ**

## ਸੰਤ ਮੋਹਿੰਦਰ ਸਿੰਘ ਸਚਦੇਵਾ ਨਹੀਂ ਰਹੇ

ਗੁਰੂ ਘਰ ਦੇ ਪ੍ਰਤਿਤਵਾਨ ਸਿੱਖ ਸੰਤ ਮੋਹਿੰਦਰ ਸਿੰਘ ਸਚਦੇਵਾ **25 ਅਗਸਤ 2022** ਨੂੰ ਸੰਸਾਰਿਕ ਯਾਤਰਾ ਪੂਰੀ ਕਰ ਗਏ। 15-6-1944 ਨੂੰ ਪਿਤਾ ਸੰਤ ਮੇਲਾ ਸਿੰਘ ਤੇ ਮਾਤਾ ਅਜੀਤ ਕੌਰ ਘਰ ਜਨਮ ਹੋਇਆ ਸੀ। ਸਮੇਂ ਨਾਲ ਬੀਬੀ ਸਤਪਾਲ ਕੌਰ ਨਾਲ ਆਨੰਦ ਕਾਰਜ ਹੋਇਆ। ਸੰਤਾਨ ਵਜੋਂ 3 ਸਪੁੱਤਰ ਗੁਰਸੇਵ ਸਿੰਘ, ਹਰਦੇਵ ਸਿੰਘ ਤੇ ਗੁਰਚਰਨ ਸਿੰਘ ਸਚਦੇਵਾ ਹਨ।



ਸੰਤ ਜੀ ਨਮਿਤ ਪਾਠ ਦਾ ਭੋਗ ਨਾਮਧਾਰੀ ਧਰਮਸ਼ਾਲਾ ਰਮੇਸ਼ ਨਗਰ 28 ਅਗਸਤ 2022 ਨੂੰ ਪਾਇਆ ਗਿਆ। ਮਹੰਤ ਪ੍ਰੀਤਮ ਸਿੰਘ ਜੀ ਤੇ ਜਥੇਦਾਰ ਨਿਸ਼ਾਨ ਸਿੰਘ ਨੇ ਗੁਰਬਾਣੀ ਤੇ ਇਤਿਹਾਸ ਨਾਲ ਸਾਧ ਸੰਗਤ ਨੂੰ ਜੋੜਿਆ। ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

**ਜਥੇ. ਨਿਸ਼ਾਨ ਸਿੰਘ**

## ਦਿਲੀ ਵਿਖੇ ਜੱਪ ਪ੍ਰਯੋਗ ਦੀ ਸ਼ੁਰੂਆਤ

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਕਿਰਪਾ ਸਦਕਾ ਨਾਮਧਾਰੀ ਸੰਗਤ ਦਿੱਲੀ ਵਲੋਂ ਵੱਖ ਵੱਖ ਸਥਾਨਾਂ ਤੇ ਜਪ ਪ੍ਰਯੋਗ ਸ਼ੁਰੂ ਕੀਤਾ ਗਿਆ। **8 ਸਤੰਬਰ 2022** ਨੂੰ ਨਾਮਧਾਰੀ ਧਰਮਸ਼ਾਲਾ ਸ਼ਾਮ ਨਗਰ ਸ਼ੁਰੂਆਤ ਹੋਈ। **9**



**ਸਤੰਬਰ** ਨੂੰ ਧਰਮਸ਼ਾਲਾ ਰਮੇਸ਼ ਨਗਰ ਅਰੰਭਤਾ ਦੀ ਅਰਦਾਸ ਕੀਤੀ ਗਈ। **11 ਸਤੰਬਰ** ਨੂੰ ਚੰਦਰ ਵਿਹਾਰ ਤੇ ਸਾਹਿਬ ਪੁਰਾ ਧਰਮਸ਼ਾਲਾ ਵਿੱਚ ਜਪ ਪ੍ਰਯੋਗ ਸ਼ੁਰੂ ਕੀਤਾ ਗਿਆ। ਸਮਾਂ ਸਵੇਰੇ 4 ਤੋਂ 6 ਵੱਜੇ ਤੱਕ ਦਾ ਰੱਖਿਆ ਗਿਆ ਹੈ। ਜਿਸ ਵਿਚ 4:30-6 ਤੱਕ ਆਸਾ ਦੀ ਵਾਰ ਦਾ ਕੀਰਤਨ ਵੱਖ ਵੱਖ ਜਥਿਆਂ ਵਲੋਂ ਕੀਤਾ ਜਾਂਦਾ ਹੈ। ਸ੍ਰੀ ਸਤਿਗੁਰੂ ਜੀ ਦੀ ਕਿਰਪਾ ਸਦਕਾ ਲਗਪਗ 1500-2000 ਦੇ ਕਰੀਬ ਮਾਈ ਭਾਈ ਰੋਜ਼ਾਨਾ ਇਹਨਾਂ ਧਰਮਸ਼ਾਲਾਵਾਂ ਵਿਚ ਇਕੱਤਰ ਹੋਕੇ ਨਾਮ ਸਿਮਰਨ ਕਰਦੇ ਹਨ।

**ਜਥੇ. ਨਿਸ਼ਾਨ ਸਿੰਘ**

# ਕਨੇਡਾ ਦੌਰੇ ਦੀਆਂ ਯਾਦਗਾਰੀ ਤਸਵੀਰਾਂ





















Date of Publication: 21 September 2022
Date of Posting: 23 September 2022

RNI NO.55658/93
LDM/008/2021-2023



ਹਿੰਮਤਪੁਰਾ ਮੇਲੇ ਦੀਆਂ ਵੱਖ-ਵੱਖ ਝਲਕੀਆਂ

Printed and Published by Mr. Harvendra Singh Hanspal on behalf of Namdhari Darbar.
Printed at Summit advertising press, 2DLF (Part), Moti Nagar, New Delhi
and Published from Namdhari Gurdwara, ramesh Nagar, New delhi- 110015.